# ਹਕੀਕੀ ਅਮਨ
# ਸੰਬੰਧੀ ਇਸਲਾਮੀ ਸਿਖਿੱਆਵਾਂ

ਭਾਸ਼ਣ

**ਸੱਯਦਨਾ ਅਮੀਰੁਲ ਮੋਮਿਨੀਨ ਹਜ਼ਰਤ ਮਿਰਜ਼ਾ ਮਸਰੂਰ ਅਹਮਦ**

ਖਲੀਫਾਤੁਲੱ ਮਸੀਹ ਅਲ-ਖਾਮਿਸ ਅਯੱਦਾਹੁੱਲਾਹ ਤਆਲਾ ਬੇ-ਨਸਰਹਿਲ ਅਜ਼ੀਜ਼



# ਹਕੀਕੀ ਅਮਨ
# ਸੰਬੰਧੀ ਇਸਲਾਮੀ ਸਿੱਖਿਆਵਾਂ

**ਭਾਸ਼ਣ**

**ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ**
**ਅਲ-ਖਾਮਿਸ ਅੱਯਦਾਹੁੱਲਾਹ ਤਆਲਾ ਬੇ-ਨਸਰਹਿਲ ਅਜ਼ੀਜ਼**

# ਹਕੀਕੀ ਅਮਨ ਸੰਬੰਧੀ ਇਸਲਾਮੀ ਸਿੱਖਿਆਵਾਂ

## ਭਾਸ਼ਣ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਦਾਹੁੱਲਾਹ ਤਆਲਾ ਬੇ-ਨਸਰਹਿਲ ਅਜ਼ੀਜ਼


| | | |
|---|---|---|
| ਸੰਸਕਰਣ ਪਹਿਲਾ | : | ਜਨਵਰੀ 2024 |
| ਗਿਣਤੀ | : | 500 |
| ਅਨੁਵਾਦਕ | : | ਐਮ.ਐਮ. ਤੱਯਬ (ਐਮ.ਏ) |
| ਪ੍ਰਕਾਸ਼ਕ | : | ਨਜ਼ਾਰਤ ਨਸ਼ਰੋ ਇਸ਼ਾਅਤ<br>ਸਦਰ ਅੰਜੁਮਨ ਅਹਮਦੀਆ ਕਾਦੀਆਂ<br>ਜ਼ਿਲ੍ਹਾ ਗੁਰਦਾਸਪੁਰ, ਪੰਜਾਬ, ਭਾਰਤ 143516 |
| ਪ੍ਰੈਸ | : | ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ |


**HAQIQI AMAN SAMBHANDI ISLAMI TALEEMAT**

Lecture Hazrat Mirza Masroor Ahmad Sahib
Khalifatul-Masih 5th (May Allah Be His Helper)


| | | |
|---|---|---|
| **First Edition** | : | **January 2024** |
| **Copies** | : | **500** |
| **Translated By** | : | **M.M. TAYYAB (M.A)** |
| **Published By** | : | **Nazarat Nashr-o-Ishat<br>Sadr Anjuman Ahmadiyya<br>Qadian Dist. Gurdaspur,<br>Punjab India 143516** |
| **Printed At** | : | **Fazle Umar Printing Press** |

ਹਕੀਕੀ ਅਮਨ ਉਦੋਂ ਤੱਕ ਕਾਯਮ ਨਹੀਂ ਹੋ ਸਕਦਾ, ਜਦੋਂ ਤੱਕ ਇੱਕ ਸਰਵੋਤਮ ਹਸਤੀ ਨੂੰ ਮੰਨਿਆ ਨ ਜਾਵੇ। ਇਹ ਵਿਸ਼ਵਾਸ ਕਿ ਰੱਬ ਅਮਨ ਦੇਣ ਵਾਲਾ ਹੈ, ਕੇਵਲ ਇਸਲਾਮ ਨੇ ਹੀ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਰਾਹੀਂ ਪੈਸ਼ ਕੀਤਾ ਹੈ।

" ਹੇ ਯੂਰੋਪ ! ਤੂੰ ਵੀ ਅਮਨ ਵਿੱਚ ਨਹੀਂ ਅਤੇ ਹੇ ਏਸ਼ੀਆ ! ਤੂੰ ਵੀ ਸੁਰੱਖਿਅਤ ਨਹੀਂ ਅਤੇ ਹੇ ਟਾਪੂਆਂ ਦੇ ਵਾਸੀਓਂ ! ਕੋਈ ਬਣਾਵਟੀ ਰੱਬ ਤੁਹਾਡੀ ਮਦਦ ਨਹੀਂ ਕਰੇਗਾ। ਮੈਂ ਸ਼ਹਿਰਾਂ ਨੂੰ ਡਿੱਗਦੇ ਵੇਖਦਾ ਹਾਂ ਅਤੇ ਆਬਾਦੀਆਂ ਨੂੰ ਉਜੜਦੇ ਵੇਖਦਾ ਹਾਂ।

(ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ)

ਅਜਿਹੇ ਵਿੱਚ ਜੇਕਰ ਕੋਈ ਉਮੀਦ ਦੀ ਕਿਰਨ ਹੈ। ਅਮਨ ਦੀ ਜ਼ਮਾਨਤ ਹੈ ਤਾਂ ਕੇਵਲ ਇੱਕ ਹੀ ਹਸਤੀ ਹੈ। ਜਿਸ ਨੂੰ ਰੱਬ ਨੇ ਅਮਨ ਅਤੇ ਸਲਾਮਤੀ ਦੀ ਸਿੱਖਿਆ ਦੇ ਨਾਲ ਸੰਸਾਰ ਵਿੱਚ ਭੇਜਿਆ ਸੀ। ਜੋ ਅਮਨ ਦਾ ਬਾਦਸ਼ਾਹ ਹੈ, ਜੋ ਰੱਬ ਨੂੰ ਸਾਰੇ ਮਨੁੱਖਾਂ ਨਾਲੋਂ ਪਿਆਰਾ ਹੈ, ਜਿਸ ਉੱਤੇ ਰੱਬ ਦੀ ਅੰਤਿਮ, ਸੰਪੂਰਨ ਅਤੇ ਮੁਕੰਮਲ ਸ਼ਰੀਅਤ ਉਤਰੀ। ਜਿਸ ਦੀ ਸਿੱਖਿਆ ਪਿਆਰ ਅਤੇ ਮੁਹੱਬਤ ਦੀ ਸਿੱਖਿਆ ਹੈ।

ਹਕੀਕੀ ਅਮਨ ਉਦੋਂ ਹੀ ਕਾਯਮ ਹੋਵੇਗਾ । ਜਦੱ ਨਿੱਜੀ, ਪਰਿਵਾਰਕ, ਨਸਲੀ, ਕੌਮੀ ਅਤੇ ਸਵਦੇਸੀ ਸੁਆਰਥ ਤੋਂ ਉੱਤੇ ਉੱਠ ਕੇ ਸਥਾਪਿਤ ਕਰਨ ਦੇ ਯਤਨ ਕੀਤੇ ਜਾਣ। ਇੱਕ ਕੇਂਦਰੀ ਧੁਰੇ ਦੀ ਪ੍ਰਾਪਤੀ ਲਈ ਕੀਤੇ ਜਾਣ ਅਤੇ ਇਹ ਉਦੋਂ ਹੀ ਹੋ ਸਕਦਾ ਹੈ। ਜਦੋਂ ਮਨੁੱਖ ਇਸ ਗੱਲ੍ਹ ਨੂੰ ਸਮਝ ਲਏ ਅਤੇ ਇਸ ਦੀ ਸਮਝ ਬੂਝ ਪੈਦਾ ਕਰ ਲਏ ਕਿ ਮੇਰੇ ਉੱਤੇ ਇੱਕ ਸਰਵੋਤਮ ਹਸਤੀ ਹੈ ਜੋ ਮੇਰੇ ਲਈ ਹੀ ਅਮਨ ਨਹੀਂ ਚਾਹੁੰਦੀ। ਸਗੋਂ ਸਾਰੇ ਸੰਸਾਰ ਲਈ ਅਮਨ ਚਾਹੁੰਦੀ ਹੈ।

ਰੱਬ ਨੇ ਆਪਣੇ ਨੂਰ, ਜੋ ਹਜ਼ਰਤ ਮੁਹੰਮਦ ਮੁਸਤਫ਼ਾ ਸੱਲਲਾਹੁ ਅਲੈਹਿ ਵਸੱਲਮ ਹਨ ਅਤੇ ਪਵਿੱਤਰ ਕੁਰਆਨ ਜੋ ਰੌਸ਼ਨ ਕਿਤਾਬ ਅਤੇ ਸਾਰੇ ਗਿਆਨਾਂ ਅਤੇ ਹਿਕਮਤਾਂ ਦਾ ਸਰੋਤ ਅਤੇ ਹਦਾਯਤ ਦਾ ਨੂਰ ਹਨ ਅਤੇ ਸਲਾਮਤੀ ਦਾ ਸੰਦੇਸ਼ ਹਨ, ਨੂੰ ਭੇਜ ਕੇ ਮਨੁੱਖਤਾ ਉੱਤੇ ਬਹੁਤ ਵੱਡਾ ਉਪਕਾਰ ਕੀਤਾ ਹੈ। ਜੇਕਰ ਮਨੁੱਖ ਇਸ ਤੋਂ ਲਾਭ ਨ ਚੁੱਕੇ ਅਤੇ ਆਪਣੇ ਵਿਨਾਸ਼ਕਾਰੀ ਸੁਆਰਥੀ ਹਿੱਤਾਂ ਦਾ ਗ਼ੁਲਾਮ ਬਣਿਆ ਰਹੇ ਤਾਂ ਇਸ ਤੋਂ ਵੱਡੀ ਮੰਦਭਾਗੀ ਗੱਲ੍ਹ ਹੋਰ ਕੀ ਹੋ ਸਕਦੀ ਹੈ ?

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸੱਚੇ ਗੁਲਾਮ ਨਾਲ ਜੁੜਣਾ ਵੀ ਜ਼ਰੂਰੀ ਹੈ। ਉਦੋਂ ਹੀ ਇਲਮ ਅਤੇ ਰੱਬੀ ਗਿਆਨ ਦੀ ਸਹੀ ਸਮਝ ਆ ਸਕਦੀ ਹੈ।

ਅੱਜ ਇਹ ਕੰਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਅਤ ਨੂੰ ਸੌਂਪਿਆ ਗਿਆ ਹੈ। ਜੇਕਰ ਅਸੀਂ ਘਰੇਲੂ ਪੱਧਰ ਤੋਂ ਲੈ ਕੇ ਅੰਤਰ ਰਾਸ਼ਟਰੀ ਪੱਧਰ ਤੱਕ ਆਪਣੀ ਭੂਮਿਕਾ ਉਸ ਅਨੁਸਾਰ ਨਹੀਂ ਨਿਭਾਉਂਦੇ ਤਾਂ ਇਸ ਗੱਲ੍ਹ ਦੀ ਕੋਈ ਜ਼ਮਾਨਤ ਨਹੀਂ ਕਿ ਅਸੀਂ ਅਮਨ ਅਤੇ ਸਲਾਮਤੀ ਨਾਲ ਰਹਿ ਸਕਾਂਗੇ।

ਸਾਡੇ ਵਿਰੋਧੀ ਜੋ ਚਾਹੁਣ ਸੋਚਣ ਅਤੇ ਕਰਨ। ਸਾਡਾ ਕੰਮ ਇਹ ਹੈ ਕਿ ਜੇਕਰ ਸਾਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨਾਲ ਸੱਚਾ ਪਿਆਰ ਹੈ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਦੀਆਂ ਸਿੱਖਿਆਵਾਂ ਦਾ ਪੈਰੋ ਬਣ ਕੇ ਉਨ੍ਹਾਂ ਨੂੰ ਸੰਸਾਰ ਵਿੱਚ ਫੈਲਾਈਏ। ਸੰਸਾਰ ਨੂੰ ਦਸਿਏ ਕਿ ਅੱਜ ਸੰਸਾਰ ਵਿੱਚ ਅਮਨ ਅਤੇ ਸਲਾਮਤੀ ਦਾ ਇਹੋ ਇੱਕੋ ਇੱਕ ਹੱਲ ਹੈ।

ਸੋ, ਆਓ ਅਮਨ ਅਤੇ ਸਲਾਮਤੀ ਦਾ ਉਪਦੇਸ਼ ਦੇਣ ਵਾਲੀ ਉਸ ਅਜ਼ੀਮ ਹਸਤੀ ਨਾਲ ਜੁੜ ਕੇ ਲੋਕ-ਪਰਲੋਕ ਵਿੱਚ ਆਪਣੀ ਸਲਾਮਤੀ ਦੇ ਸਮਾਨ ਕਰ ਲਈਏ।

ਅਮਨ ਉਦੋਂ ਤੱਕ ਕਾਯਮ ਨਹੀਂ ਹੋ ਸਕਦਾ। ਜਦੋਂ ਤੱਕ ਲੋਕਾਂ ਦੇ ਅੰਦਰ ਹਕੀਕੀ ਭਾਈਚਾਰਾ ਪੈਦਾ ਨ ਹੋਵੇ ਅਤੇ ਹਕੀਕੀ ਭਾਈਚਾਰਾ ਇੱਕ ਰੱਬ ਨੂੰ ਮੰਨਣ ਤੋਂ ਬਿਨਾਂ ਪੈਦਾ ਨਹੀਂ ਹੋ ਸਕਦੀ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵੱਲ੍ਹ ਆਉਣ ਵਾਲੀ ਸੰਪੂਰਨ ਸ਼ਰੀਅਤ ਵਿੱਚ ਬਿਆਨ ਸਿੱਖਿਆਵਾਂ ਦੀ ਰੌਸ਼ਨੀ ਵਿੱਚ ਹਕੀਕੀ ਅਤੇ ਸਥਾਈ ਵਿਸ਼ਵ ਵਿਆਪੀ ਅਮਨ ਦੀ ਸਥਾਪਨਾ ਬਾਰੇ ਬਿਆਨ।

ਜਮਾਅਤ ਦੇ ਮੈਂਬਰਾਂ ਨੂੰ ਆਪਣਾ ਆਚਰਣ ਇਸਲਾਮੀ ਸਿੱਖਿਆਵਾਂ ਅਨੁਸਾਰ ਕਰਦੇ ਹੋਏ ਸੰਸਾਰ ਲਈ ਚੰਗੀਆਂ ਮਿਸਾਲਾਂ ਕਾਇਮ ਕਰਨ ਦੀ ਨਸੀਹਤ।

ਸਮਾਪਤੀ ਸੈਸ਼ਨ ਜਲਸਾ ਸਲਾਨਾ ਜਮਾਅਤੇ ਅਹਮਦੀਆ ਜਰਮਨੀ 2022 ਈ, ਸੱਯਦਨਾ ਅਮੀਰੁਲ ਮੋਮਿਨੀਨ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਿਬ ਖਲੀਫ਼ਾਤੁੱਲ ਮਸੀਹ ਅਲ-ਖਾਮਿਸ ਅੱਯਦਾਹੁੱਲਾਹ ਤਆਲਾ ਬੇ-ਨਸਰਹਿਲ ਅਜ਼ੀਜ਼ ਦਾ ਅੱਖਾਂ ਖੋਲ੍ਹਣ ਵਾਲਾ ਅਤੇ ਦਿਲ ਮੋਹ ਲੈਣ ਵਾਲਾ ਭਾਸ਼ਣ।

(ਮਿਤੀ 21 ਅਗਸਤ 2022 ਐਵਾਨੇ ਮਸਰੂਰ, ਇਸਲਾਮਾਬਾਦ, ਟਿਲਫੋਰਡ, ਯੂ.ਕੇ.)

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ
فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ
۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ
الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਰੱਬ ਦੀ ਅਪਾਰ ਕਿਰਪਾ ਅਤੇ ਮਿਹਰ ਹੈ ਕਿ ਉਸ ਨੇ ਸੰਸਾਰ ਦੇ ਅੱਜ ਕੱਲ੍ਹ ਦੇ ਹਾਲਾਤ ਦੇ ਬਾਦ ਵੀ ਜਮਾਅਤੇ ਅਹਮਦੀਆ ਜਰਮਨੀ ਨੂੰ ਆਪਣਾ ਜਲਸਾ ਸਲਾਨਾ ਆਯੋਜਿਤ ਕਰਨ ਦੀ ਤੌਫ਼ੀਕ ਬਖ਼ਸ਼ੀ ਅਤੇ ਪਿੱਛਲੇ ਸਾਲ ਦੇ ਮੁਕਾਬਲੇ ਵਧੇਰੇ ਵਿਸਤ੍ਰਿਤ ਪ੍ਰਬੰਧਾਂ ਨਾਲ ਤੁਸੀਂ ਇਹ ਜਲਸਾ ਆਯੋਜਿਤ ਕਰ ਰਹੇ ਹੋ। ਪਹਿਲਾਂ, ਕੋਵਿਡ (covid) ਦੇ ਪ੍ਰਕੋਪ ਨੇ ਸੰਸਾਰ ਨੂੰ ਦੁੱਖੀ ਕੀਤਾ ਅਤੇ ਹਾਲੇ ਵੀ ਇਸ ਮਹਾਂਮਾਰੀ ਦੀ ਸਮੱਸਿਆ ਖ਼ਤਮ ਨਹੀਂ ਹੋਈ ਅਤੇ ਹੁਣ ਸੰਸਾਰ ਵਿੱਚ ਯੁੱਧਾਂ ਦੀ ਸਥਿਤੀ ਨੇ ਸੰਸਾਰ ਨੂੰ ਬਹੁਤ ਭਿਆਨਕ ਮੋੜ ਉੱਤੇ ਖੜ੍ਹਾ ਕਰ ਦਿੱਤਾ ਹੈ। ਸੰਸਾਰ ਦਾ ਕੋਈ ਵੀ ਖੇਤਰ ਇਸ ਸੰਭਾਵਿਤ ਤਬਾਹੀ ਤੋਂ ਸੁਰੱਖਿਅਤ ਨਹੀਂ ਜਾਪਦਾ ਅਤੇ ਜਦੋਂ ਤੱਕ ਉਸ ਇੱਕੋ ਇੱਕ ਰੱਬ ਵੱਲ੍ਹ ਨਹੀਂ ਮੁੜਣਗੇ, ਤਬਾਹੀ ਤੋਂ ਬਚ ਵੀ ਨਹੀਂ ਸਕਦੇ। ਪਹਿਲਾਂ ਤਾਂ ਯੂਰੋਪ, ਪੱਛਮੀ ਦੇਸ ਅਤੇ ਵਿਕਸਿਤ ਦੇਸ਼ ਇਸ ਖ਼ਿਆਲ ਵਿੱਚ ਬਹਿਠੇ ਸਨ ਕਿ ਜੰਗਾਂ ਦੀ ਸਥਿਤੀ, ਦੰਗਿਆਂ ਦੀ ਸਥਿਤੀ, ਖੇਤਰਾਂ ਅਤੇ ਦੇਸ਼ਾਂ ਦੀ ਤਬਾਹੀ ਦੇ ਹਾਲਾਤ ਜਿੱਥੇ ਪੈਦਾ ਹੋਏ ਹਨ ਜਾਂ ਹੋ ਰਹੇ ਹਨ, ਉਹ ਸਾਡੇ ਤੋਂ ਹਜ਼ਾਰਾਂ ਮੀਲ ਦੂਰ ਹਨ ਅਤੇ ਅਸੀਂ ਸੁਰੱਖਿਅਤ ਹਾਂ। ਹਾਲਾਤ ਖ਼ਰਾਬ ਹਨ, ਬੰਬ ਡਿੱਗ ਰਹੇ ਹਨ, ਲੋਕ ਮਰ ਰਹੇ ਹਨ, ਔਰਤਾਂ ਵਿਧਵਾ ਹੋ ਰਹੀਆਂ ਹਨ, ਬੱਚੇ ਅਨਾਥ ਹੋ ਰਹੇ ਹਨ,

ਲੋਕ ਅਪਾਹਜ ਹੋ ਰਹੇ ਹਨ, ਤਾਂ ਉਹ ਏਸ਼ੀਆ ਅਤੇ ਮੱਧ ਪੂਰਬ ਵਿੱਚ ਅਤੇ ਗਰੀਬ ਦੇਸ਼ਾਂ ਵਿੱਚ ਹੋ ਰਹੇ ਹਨ, ਸਾਨੂੰ ਇਸ ਨਾਲ ਕੀ ? ਵਿਕਸਤ ਦੇਸ਼ ਇੰਨ੍ਹਾਂ ਦੇਸ਼ਾਂ ਨੂੰ ਹਥਿਆਰਾਂ ਦੀ ਸਪਲਾਈ ਕਰਦੇ ਰਹਿੰਦੇ ਹਨ ਕਿ ਸਾਡੇ ਹਥਿਆਰ ਵਿਕਦੇ ਰਹਿਣ। ਇਹ ਮਰਦੇ ਹਨ ਤਾਂ ਮਰਨ, ਕੀ ਫ਼ਰਕ ਪੈਂਦਾ ਹੈ ? ਪਰ ਉਹ ਇਹ ਗੱਲ੍ਹ ਭੁੱਲ੍ਹ ਗਏ ਕਿ ਇਹ ਹਾਲਾਤ ਉਹਨਾਂ ਉੱਤੇ ਵੀ ਆ ਸਕਦੇ ਹਨ ਅਤੇ ਆਪਣੀ ਤਰੱਕੀ ਦੇ ਖ਼ਿਆਲ ਵਿੱਚ ਉਹਨਾਂ ਦੀਆਂ ਅਕਲਾਂ ਮਾਰੀਆਂ ਗਈਆਂ ਹਨ ਅਤੇ ਅੱਖਾਂ ਅੰਨ੍ਹੀਆਂ ਹੋ ਗਈਆਂ ਹਨ ਅਤੇ ਹੁਣ ਸਾਰਾ ਸੰਸਾਰ ਵੇਖ ਰਿਹਾ ਹੈ ਕਿ ਉਹੀ ਕੁੱਝ ਹੋ ਰਿਹਾ ਹੈ ਜਿਸ ਦਾ ਖਤਰਾ ਸੀ ਅਤੇ ਯੂਰੋਪ ਵਿੱਚ ਵੀ ਜੰਗ ਦੀ ਸਥਿਤੀ ਪੈਦਾ ਹੋ ਗਈ ਹੈ |

ਯੁਕਰੈਨ ਕਰਕੇ ਰੂਸ ਅਤੇ ਨਾਟੋ (NATO) ਦੇ ਦੇਸ਼ ਆਮ੍ਹਣੇ ਸਾਮ੍ਹਣੇ ਖੜ੍ਹੇ ਹਨ। ਰੱਬ ਹੀ ਜਾਣਦਾ ਹੈ ਕਿ ਅੰਤ ਵਿੱਚ ਕਿਸ ਦੀ ਜਿੱਤ ਹੋਵੇਗੀ ਜਾਂ ਦੋਵਾਂ ਧਿਰਾਂ ਨੂੰ ਕਿੰਨ੍ਹਾਂ ਕੋ ਨੁਕਸਾਨ ਹੋਵੇਗਾ। ਪਰ ਇਹ ਤੈਅ ਹੈ ਕਿ ਇਸ ਦੇ ਨਤੀਜੇ ਬਹੁਤ ਭਿਆਨਕ ਹੋਣਗੇ ਅਤੇ ਜੇਕਰ ਹੁਣ ਵੀ ਅਕਲ ਨ ਕੀਤੀ, ਤਾਂ ਇੱਕ ਭਿਆਨਕ ਤਬਾਹੀ ਉਸ ਦਾ ਅੰਤ ਹੈ। ਫਿਰ ਅਸੀਂ ਵੇਖਦੇ ਹਾਂ ਕਿ ਹੁਣ ਤਾਈਵਾਨ ਦਾ ਮੁੱਦਾ ਵੀ ਸ਼ੁਰੂ ਹੋ ਗਿਆ ਹੈ ਅਤੇ ਇਹ ਸਪੱਸ਼ਟ ਹੈ ਕਿ ਹੁਣ ਪੂਰਾ ਸੰਸਾਰ ਇੱਕ ਭਿਆਨਕ ਯੁੱਧ ਦੇ ਕੰਢੇ ਉੱਤੇ ਖੜ੍ਹਾ ਹੈ। ਇਸ ਯੁੱਗ ਦੇ ਅਵਤਾਰ ਨੇ ਬਹੁਤ ਜ਼ੋਰਦਾਰ ਚੇਤਾਵਨੀ ਦਿੱਤੀ ਹੈ ਕਿ

" ਹੇ ਯੂਰੋਪ ! ਤੂੰ ਵੀ ਅਮਨ ਵਿੱਚ ਨਹੀਂ ਅਤੇ ਹੇ ਏਸ਼ੀਆ ! ਤੂੰ ਵੀ ਸੁਰੱਖਿਅਤ ਨਹੀਂ ਅਤੇ ਹੇ ਟਾਪੂਆਂ ਦੇ ਵਾਸੀਓਂ ! ਕੋਈ ਬਣਾਵਟੀ ਰੱਬ ਤੁਹਾਡੀ ਮਦਦ ਨਹੀਂ ਕਰੇਗਾ । ਮੈਂ ਸ਼ਹਿਰਾਂ ਨੂੰ ਡਿੱਗਦੇ ਵੇਖਦਾ ਹਾਂ ਅਤੇ ਆਬਾਦੀਆਂ ਨੂੰ ਉਜੜਦੇ ਵੇਖਦਾ ਹਾਂ । "

(ਹਕੀਕਤੁੱਲ ਵਹੀ, ਰੂਹਾਨੀ ਖ਼ਜ਼ਾਇਨ ਜਿਲਦ 22 ਪੰਨਾ 269)

ਇਹੀ ਉਹ ਆਦੇਸ਼, ਚੇਤਾਵਨੀ ਅਤੇ ਵਾਰਨਿੰਗ ਹੈ । ਜਿਸ ਵੱਲ੍ਹ ਅਹਮਦੀਆ ਮੁਸਲਿਮ ਜਮਾਅਤ ਦੇ ਸਾਰੇ ਹੀ ਖ਼ਲੀਫ਼ਾ ਵੇਲੇ ਕੁਵੇਲੇ ਧਿਆਨ ਦੁਆਂਦੇ ਰਹੇ ਹਨ । ਮੈਂ ਵੀ ਇੱਕ ਲੰਮੇ ਸਮੇਂ ਤੋਂ ਇਸ ਵੱਲ੍ਹ ਧਿਆਨ ਦੁਆ ਰਿਹਾ ਹਾਂ ਅਤੇ ਇਹ ਦੱਸ ਰਿਹਾ ਹਾਂ ਕਿ ਆਪਣੇ ਪੈਦਾ ਕਰਨ ਵਾਲੇ ਇੱਕੋ ਇੱਕ ਰੱਬ ਵੱਲ੍ਹ ਨ ਮੁੜੇ ਤਾਂ ਤਬਾਹੀ ਨਿਸ਼ਚਿਤ ਹੈ । ਲੰਮੇ ਸਮੇਂ ਤੋਂ ਕਹਿੰਦਾ ਆ ਰਿਹਾ ਹਾਂ ਕਿ ਬਲੌਕ ਬਣ ਰਹੇ ਹਨ ਅਤੇ ਇਸ ਦਾ ਅੰਤਿਮ ਨਤੀਜਾ ਇੱਕ ਦੂਜੇ ਦੀ ਤਬਾਹੀ ਉੱਤੇ ਖ਼ਤਮ ਹੋਵੇਗਾ, ਇਸ ਲਈ ਸੁਚੇਤ ਰਹੋ । ਪਰ ਇਹ ਲੋਕ ਇਹ ਗੱਲਾਂ ਸੁਣਦੇ ਹਨ, ਸੁਣਦੇ ਸਨ ਅਤੇ ਅਜੇ ਵੀ ਸੁਣ ਰਹੇ ਹਨ ਅਤੇ ਕਹਿੰਦੇ ਹਨ ਕਿ ਸਥਿਤੀ ਕੁੱਝ ਖਰਾਬ ਹੈ । ਠੀਕ ਹੈ ਹਾਲਾਤ ਕੁੱਝ ਹੱਦ ਤੱਕ ਮਾੜੇ ਹਨ, ਪਰ ਇੰਨ੍ਹੇ ਵੀ ਨਹੀਂ । ਜਿੰਨ੍ਹੇ ਤੁਸੀਂ ਗੰਭੀਰ ਅਤੇ ਮਾਯੂਸ ਕਰਨ ਵਾਲੇ ਦੱਸ ਰਹੇ ਹੋ । ਲੋਕਾਂ ਨੇ ਮੈਨੂੰ ਵੀ ਕਿਹਾ, ਲੋਕਾਂ ਨੇ ਸਾਡੀ ਆਪਣੀ ਜਮਾਅਤ ਦੇ ਮੈਂਬਰਾਂ ਨੂੰ ਵੀ ਕਿਹਾ, ਪਰ ਹੁਣ ਇਹੀ ਲੋਕ ਜੋ ਇੰਨ੍ਹਾਂ ਗੱਲਾਂ ਨੂੰ ਆਮ ਨਜ਼ਰ ਨਾਲ ਵੇਖ ਰਹੇ ਸਨ । ਆਪ ਹੀ ਕਹਿਣ ਲੱਗ ਗਏ ਹਨ ਕਿ ਹਾਲਾਤ ਦਿਨੋਂ ਦਿਨ ਵਿਗੜ ਰਹੇ ਹਨ

ਅਤੇ ਜੇਕਰ ਇਹੀ ਸਥਿਤੀ ਜਾਰੀ ਰਹੀ ਤਾਂ ਕਿਸੇ ਸਮੇਂ ਵੀ ਭਿਆਨਕ ਯੁੱਧ ਦਾ ਰੂਪ ਵੀ ਬਣ ਸਕਦਾ ਹੈ। ਹੁਣ ਉਨ੍ਹਾਂ ਦੇ ਥਿੰਕ ਟੈਂਕ (Think Tank) ਅਤੇ ਵਿਸ਼ਲੇਸ਼ਕ ਇਹ ਕਹਿਣ ਲੱਗ ਗਏ ਹਨ। ਪਰ ਇਸ ਦੇ ਬਾਦ ਵੀ ਉਨ੍ਹਾਂ ਕੋਲ੍ਹ ਸਦੇਵੀਂ ਅਮਨ ਸਥਾਪਿਤ ਕਰਨ ਦਾ ਕੋਈ ਹੱਲ ਨਹੀਂ ਹੈ ਅਤੇ ਕਿਵੇਂ ਹੋ ਸਕਦਾ ਹੈ। ਜੱਦਕਿ ਅਮਨ ਦੇ ਸੋਮੇ ਵੱਲ੍ਹ ਉਨ੍ਹਾਂ ਦੀ ਨਜ਼ਰ ਨਹੀਂ। ਸੰਸਾਰ ਵਿੱਚ ਲੀਨ ਹਨ ਅਤੇ ਧਰਮ ਨੂੰ ਭੁੱਲ ਚੁੱਕੇ ਹਨ। ਜਿੱਥੇ ਅਮਨ ਦਾ ਹੱਲ ਹੈ। ਉੱਥੇ ਨ ਇਹ ਗ਼ੈਰ ਮੁਸਲਿਮ ਹਕੂਮਤਾਂ ਆਉਣਾ ਚਾਹੁੰਦੀਆਂ ਹਨ ਅਤੇ ਨ ਹੀ ਬਦਕਿਸਮਤੀ ਨਾਲ ਮੁਸਲਮਾਨ ਸਰਕਾਰਾਂ ਆਉਣਾ ਚਾਹੁੰਦੀਆਂ ਹਨ। ਹੁਣ ਕੁੱਝ ਥਾਵਾਂ ਉੱਤੇ ਵਿਸ਼ਲੇਸ਼ਕ ਇਹ ਵੀ ਕਹਿ ਰਹੇ ਹਨ ਕਿ ਜੰਗਾਂ ਹੋਣ ਉੱਤੇ ਜੋ ਤਬਾਹੀ ਹੋਣੀ ਹੈ। ਉਹ ਅਜਿਹੀ ਭਿਆਨਕ ਹੋਵੇਗੀ ਕਿ ਇੱਕ ਅੰਦਾਜ਼ੇ ਅਨੁਸਾਰ ਯੁੱਧ ਦੌਰਾਨ ਅਤੇ ਅਗਲੇ ਦੋ ਸਾਲਾਂ ਵਿੱਚ ਪਰਮਾਣੂ ਹਥਿਆਰਾਂ ਦੀ ਵਰਤੋਂ ਕਾਰਨ ਵਿਸ਼ਵ ਦੀ 66% ਆਬਾਦੀ ਦਾ ਸਫ਼ਾਇਆ ਹੋ ਜਾਵੇਗਾ। ਅਜਿਹੀ ਤਬਾਹੀ ਅਤੇ ਬਰਬਾਦੀ ਹੋਵੇਗੀ, ਜਿਸ ਦੀ ਕੋਈ ਕਲਪਨਾ ਵੀ ਨਹੀਂ ਕਰ ਸਕਦਾ। ਇੱਕ ਆਮ ਆਦਮੀ ਤਾਂ ਇਸ ਬਾਰੇ ਸੋਚ ਵੀ ਨਹੀਂ ਸਕਦਾ। ਸੋ, ਬਹੁਤ ਭਿਆਨਕ ਹਾਲਾਤ ਹਨ। ਅਜਿਹੀ ਸਥਿਤੀ ਵਿੱਚ ਜੇਕਰ ਆਸ ਦੀ ਕਿਰਨ ਹੈ, ਅਮਨ ਦੀ ਜ਼ਮਾਨਤ ਹੈ, ਤਾਂ ਕੇਵਲ ਇੱਕੋ ਹਸਤੀ ਹੈ। ਜਿਸ ਨੂੰ ਰੱਬ ਨੇ ਅਮਨ ਅਤੇ ਸਲਾਮਤੀ ਦੀ ਸਿੱਖਿਆ ਨਾਲ ਸੰਸਾਰ ਵਿੱਚ ਭੇਜਿਆ ਸੀ। ਜੋ ਅਮਨ ਦਾ ਬਾਦਸ਼ਾਹ ਹੈ, ਜੋ ਰੱਬ ਨੂੰ ਸਾਰੇ ਮਨੁੱਖਾਂ

ਨਾਲੋਂ ਵੱਧ ਪਿਆਰਾ ਹੈ। ਜਿਸ ਉੱਤੇ ਰੱਬ ਦੀ ਅੰਤਿਮ, ਸੰਪੂਰਨ ਅਤੇ ਮੁਕੰਮਲ ਸ਼ਰੀਅਤ ਉਤਰੀ, ਜਿਸ ਦੀ ਸਿੱਖਿਆ ਪਿਆਰ ਅਤੇ ਮੁਹੱਬਤ ਦੀ ਸਿੱਖਿਆ ਹੈ। ਜਿਸ ਨੇ ਆਪਣੇ ਰੱਬ ਨਾਲ ਜੁੜ੍ਹਣ ਅਤੇ ਆਪਣੇ ਵੱਲ੍ਹ ਆਈ ਸਿੱਖਿਆ ਨੂੰ ਸੰਸਾਰ ਵਿੱਚ ਫੈਲਾਉਣ ਅਤੇ ਸੰਸਾਰ ਨੂੰ ਤਬਾਹੀ ਤੋਂ ਬਚਾਉਣ ਦੀ ਚਿੰਤਾ ਅਤੇ ਦਰਦ ਕਰਕੇ ਆਪਣਾ ਜੀਵਨ ਦੁੱਖਾਂ ਵਿੱਚ ਪਾ ਲਿਆ ਸੀ। ਇਸ ਹੱਦ ਤੱਕ ਆਪਣੀ ਹਾਲਤ ਕਰ ਲਈ ਸੀ ਅਤੇ ਬੇਚੈਨੀ ਨਾਲ ਤੜਪ ਕੇ ਅਤੇ ਰੋ ਰੋ ਕੇ ਰੱਬ ਤੋਂ ਅਰਦਾਸਾਂ ਕੀਤੀਆਂ ਕਿ ਰੱਬ ਨੇ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਫਰਮਾਇਆ ਕਿ لَعَلَّكَ بَاخِعٌ نَّفْسَكَ اَلَّا يَكُوْنُوْا مُؤْمِنِيْنَ ਅਰਥਾਤ ਕੀ ਤੂੰ ਆਪਣੀ ਜਾਨ ਨੂੰ ਹਲਾਕ ਕਰੇਗਾ ਕਿ ਉਹ ਸੁਮਾਰਗ ਉੱਤੇ ਕਿਉਂ ਨਹੀਂ ਤੁਰਦੇ? (ਸੂਰਾਤੁਸ਼ੁੱਅਰਾ 26:4)

ਸੋ, ਇਹ ਉਹ ਹਸਤੀ ਹੈ, ਜੋ ਦਿਲ੍ਹ ਵਿੱਚ ਮਨੁੱਖਤਾ ਲਈ ਦਰਦ ਰੱਖਦੀ ਸੀ ਕਿ ਲੋਕ ਆਪਣੇ ਸਿਰਜਣਹਾਰ ਵੱਲ੍ਹ ਮੁੜਨ ਅਤੇ ਤਬਾਹੀ ਤੋਂ ਬੱਚਣ ਅਤੇ ਆਪਣਾ ਲੋਕ ਪਰਲੋਕ ਸੰਵਾਰਨ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਅਜਿਹੀ ਵਿਆਪਕ ਸਿੱਖਿਆ ਦਿੱਤੀ ਹੈ ਕਿ ਕੋਈ ਹੋਰ ਸਿੱਖਿਆ ਇਸ ਦਾ ਮੁਕਾਬਲਾ ਨਹੀਂ ਕਰ ਸਕਦੀ। ਅਮਨ ਦੀ ਅਜਿਹੀ ਜ਼ਮਾਨਤ ਦਿੱਤੀ, ਜੋ ਅਸਲ ਵਿੱਚ ਰੱਬ ਵੱਲ੍ਹੋਂ ਦਿੱਤੀ ਜ਼ਮਾਨਤ ਹੈ। ਪਰ ਅਫਸੋਸ ਦੀ ਗੱਲ੍ਹ ਹੈ ਕਿ ਮੁਸਲਮਾਨ ਇਸ ਸਿੱਖਿਆ ਨੂੰ ਭੁੱਲ੍ਹ ਗਏ ਹਨ ਅਤੇ ਇਮਾਨ ਦੇ ਕੇਵਲ ਜ਼ੁਬਾਨੀ ਨਾਅਰੇ ਲਾ ਕੇ ਇੱਕ ਦੂਜੇ ਦੇ ਲਹੂ ਦੇ ਪਿਆਸੇ ਹੋ ਗਏ ਹਨ ਅਤੇ ਇਸ ਦੇ ਲਈ ਗ਼ੈਰਾਂ ਤੋਂ ਮਦਦ ਮੰਗ ਰਹੇ ਹਨ। ਕਲਮਾਂ ਪੜ੍ਹਣ

ਵਾਲੇ, ਕਲਮਾਂ ਪੜ੍ਹਣ ਵਾਲਿਆਂ ਨੂੰ ਧਰਮ ਦੇ ਵਿਰੋਧੀਆਂ ਦੀ ਮਦਦ ਨਾਲ ਮਾਰ ਰਹੇ ਹਨ। ਮੁਸਲਮਾਨਾਂ ਲਈ ਇਸ ਤੋਂ ਵੱਧ ਮੰਦਭਾਗੀ ਗੱਲ੍ਹ ਕੀ ਹੋ ਸਕਦੀ ਹੈ ? ਇੰਨੀ ਖ਼ੂਬਸੂਰਤ ਸਿੱਖਿਆ ਅਤੇ ਇੰਨਾ ਦਰਦ ਰੱਖਣ ਵਾਲੇ ਪੈਗੰਬਰ ਦੀ ਪਾਲਣਾ ਕਰਨ ਦੇ ਦਾਅਵੇ ਦੇ ਬਾਦ ਵੀ, ਉਹ ਰੱਬ ਨੂੰ ਨਰਾਜ਼ ਕਰ ਰਹੇ ਹਨ ਅਤੇ ਸੰਸਾਰ ਵਿੱਚ ਸ਼ਾਂਤੀ ਅਤੇ ਸਲਾਮਤੀ ਫੈਲਾਉਣ ਦੀ ਥਾਂ, ਅਸ਼ਾਂਤੀ ਫੈਲਾ ਰਹੇ ਹਨ ਅਤੇ ਇਹ ਸਭ ਇਸੇ ਲਈ ਹੈ ਕਿਉਂਕਿ ਰੱਬ ਨੇ ਜੋ ਇਸ ਜ਼ਮਾਨੇ ਵਿੱਚ ਅਮਨ ਅਤੇ ਸਲਾਮਤੀ ਦੇ ਬਾਦਸ਼ਾਹ ਅਤੇ ਰੱਬ ਦੇ ਸਭ ਤੋਂ ਪਿਆਰੇ ਗ਼ੁਲਾਮ ਨੂੰ ਸੰਸਾਰ ਵਿੱਚ ਅਮਨ ਅਤੇ ਸਲਾਮਤੀ ਦੀਆਂ ਸਿੱਖਿਆਵਾਂ ਫੈਲਾਉਣ ਲਈ ਭੇਜਿਆ ਹੈ। ਉਸ ਦੀ ਗੱਲ੍ਹ ਵੀ ਸੁਣਨਾ ਨਹੀਂ ਚਾਹੁੰਦੇ ਅਤੇ ਨ ਕੇਵਲ ਗੱਲ੍ਹ ਸੁਣਨਾ ਨਹੀਂ ਚਾਹੁੰਦੇ। ਸਗੋਂ ਇਸ ਹੱਦ ਤੱਕ ਵੱਧ ਗਏ ਹਨ ਕਿ ਉਹਨਾਂ ਉੱਤੇ ਅਤੇ ਉਹਨਾਂ ਦੇ ਪੈਰੋਕਾਰਾਂ ਉੱਤੇ ਕੁਫ਼ਰ ਦੇ ਫ਼ਤਵੇ ਲਾਉਣਾ ਅਤੇ ਉਹਨਾਂ ਨੂੰ ਕਤਲ ਕਰਨਾ, ਇਸਲਾਮ ਦੀ ਸੇਵਾ ਅਤੇ ਖਾਤਮੁੱਲ ਅੰਬਿਆ ਹਜ਼ਰਤ ਮੁਹੰਮਦ ਮੁਸਤਫ਼ਾ ਸੱਲਲਾਹੁ ਅਲੈਹਿ ਵਸੱਲਮ ਨਾਲ ਮੁਹੱਬਤ ਦਾ ਮਿਆਰ ਸਮਝਦੇ ਹਨ। ਅਹਮਦੀਆਂ ਦੀਆਂ ਜਾਨਾਂ ਨਾਲ ਖੇਡਣਾ ਉਹਨਾਂ ਦੀ ਨਜ਼ਰ ਵਿੱਚ ਪੁੰਨ ਦਾ ਕੰਮ ਹੈ। ਸੋ, ਅਜਿਹੇ ਲੋਕ ਕਿਵੇਂ ਇਸਲਾਮ ਦੀ ਅਮਨ ਦੀ ਸਿੱਖਿਆ ਨੂੰ ਸੰਸਾਰ ਵਿੱਚ ਫੈਲਾ ਸਕਦੇ ਹਨ ?

ਕਾਸ਼ ਇਹ ਲੋਕ ਅਕਲ ਕਰਨ। ਉਹਨਾਂ ਦੇ ਵਿਦਵਾਨ, ਭੈੜ੍ਹੇ ਵਿਦਵਾਨ ਬਣਨ ਦੀ ਥਾਂ, ਅਕਲ ਅਤੇ ਸਿਆਣਪ ਫੈਲਾਉਣ ਵਾਲੇ ਵਿਦਵਾਨ ਬਣਨ

ਤਾਂ ਕਿ ਇੱਕ ਉੱਮਤ ਬਣ ਕੇ ਹਜ਼ਰਤ ਮੁਹੰਮਦ ਮੁਸਤਫ਼ਾ ਸੱਲਲਾਹੁ ਅਲੈਹਿ ਵਸੱਲਮ ਦੀਆਂ ਸਿੱਖਿਆਵਾਂ ਨੂੰ ਸੰਸਾਰ ਵਿੱਚ ਫੈਲਾਉਣ ਵਾਲੇ ਬਣ ਸਕਣ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸੱਚੇ ਗ਼ੁਲਾਮ ਨਾਲ ਮਿਲ ਕੇ ਸੰਸਾਰ ਨੂੰ ਅਸਲ ਅਮਨ ਅਤੇ ਸਲਾਮਤੀ ਦਾ ਸੰਦੇਸ਼ ਪਹੁੰਚਾ ਸਕਣ। ਇਹ ਇੱਕ ਵੱਖਰਾ ਅਤੇ ਵਿਸਤ੍ਰਿਤ ਵਿਸ਼ਾ ਹੈ।

ਇਸ ਸਮੇਂ, ਮੈਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਸਿੱਖਿਆ, ਆਪ ਸੱਲਲਾਹੁ ਅਲੈਹਿ ਵਸੱਲਮ ਵੱਲ੍ਹ ਆਉਣ ਵਾਲੀ ਸ਼ਰੀਅਤ, ਆਪ ਸੱਲਲਾਹੁ ਅਲੈਹਿ ਵਸੱਲਮ ਦੀ ਅਮਨ ਅਤੇ ਸਲਾਮਤੀ ਫੈਲਾਉਣ ਵਾਲੀ ਸਿੱਖਿਆ ਦੇ ਹਵਾਲੇ ਨਾਲ ਵਿਸ਼ਵ ਸ਼ਾਂਤੀ ਬਾਰੇ ਕੁੱਝ ਗੱਲਾਂ ਕਰਾਂਗਾ।

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀਆਂ ਸਿੱਖਿਆਵਾਂ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਦਾ ਆਚਰਣ ਤਾਂ ਇੰਨ੍ਹਾਂ ਵਿਆਪਕ ਹੈ ਕਿ ਉਸ ਦਾ ਜ਼ਿਕਰ ਥੋੜ੍ਹੇ ਜਿਹੇ ਸਮੇਂ ਵਿੱਚ ਸੰਭਵ ਹੀ ਨਹੀਂ। ਪਰ ਫਿਰ ਵੀ ਜਿਵੇਂ ਮੈਂ ਕਿਹਾ ਮੈਂ ਕੁੱਝ ਗੱਲਾਂ ਬਿਆਨ ਕਰਾਂਗਾ। ਅਹਮਦੀਆ ਮੁਸਲਿਮ ਜਮਾਅਤ ਬਾਰੇ ਕਿਹਾ ਜਾਂਦਾ ਹੈ ਕਿ ਅਸੀਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਨਿੰਦਾ ਅਤੇ ਅਪਮਾਨ ਕਰਦੇ ਹਾਂ ਅਤੇ ਉਸ ਦੀ ਸਿੱਖਿਆ ਦਿੰਦੇ ਹਨ (ਰੱਬ ਦੀ ਪਨਾਹ)।

ਪਰ ਹਕੀਕਤ ਵਿੱਚ ਅਸੀਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਸਿੱਖਿਆ ਦੀ ਪਾਲਣਾ ਕਰਨ ਵਾਲੇ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਨਾਲ ਮੁਹੱਬਤ ਕਰਨ ਵਾਲੇ ਹਾਂ। ਜਮਾਅਤੀ ਸਾਹਿਤ ਇਸ ਗੱਲ੍ਹ ਦਾ

ਗਵਾਹ ਹੈ। ਇਸ ਸਿੱਖਿਆ ਅਤੇ ਮੁਹੱਬਤ ਨੂੰ ਵੇਖ ਕੇ ਹਰ ਸਾਲ ਹਜ਼ਾਰਾਂ ਪਵਿੱਤਰ ਰੂਹਾਂ ਅਹਮਦੀਆ ਮੁਸਲਿਮ ਜਮਾਅਤ ਵਿੱਚ ਸ਼ਾਮਲ ਹੁੰਦੀਆਂ ਹਨ। ਗ਼ੈਰ ਵੀ ਇਹ ਕਹਿਣ ਲਈ ਮਜਬੂਰ ਹਨ ਕਿ ਇਸਲਾਮ ਦੀ ਇਹ ਸਿੱਖਿਆ ਤਾਂ ਅਜਿਹੀ ਪ੍ਰਭਾਵੀ ਅਤੇ ਮੁਹੱਬਤ ਤੇ ਸਲਾਮਤੀ ਫੈਲਾਉਣ ਵਾਲੀ ਸਿੱਖਿਆ ਹੈ ਕਿ ਇਹੀ ਵਿਸ਼ਵ ਸ਼ਾਂਤੀ ਦੀ ਇੱਕੋ ਇੱਕ ਰਾਹ ਹੈ।
ਅਜੇ ਕੁੱਝ ਦਿਨ ਪਹਿਲਾਂ ਹੀ ਮੈਂ ਯੂ.ਕੇ ਦੇ ਜਲਸਾ ਸਲਾਨਾ ਵਿੱਚ ਜਮਾਅਤ ਦੀ ਤਰੱਕੀ ਦੀ ਰਿਪੋਰਟ ਵਿੱਚ ਅਤੇ ਜਲਸੇ ਦੇ ਵਿਚਾਰਾਂ ਦੇ ਕਿੱਸਿਆਂ ਵਿੱਚ ਲੋਕਾਂ ਦੇ ਬਿਆਨ ਸੁਣਾਏ ਹਨ ਕਿ ਕਿਵੇਂ ਉਹ ਅਹਮਦੀ ਮਾਹੌਲ ਅਤੇ ਜਲਸੇ ਦੇ ਮਾਹੌਲ ਤੋਂ ਪ੍ਰਭਾਵਿਤ ਹਨ ਅਤੇ ਕਿਵੇਂ ਉਹਨਾਂ ਨੂੰ ਇਸਲਾਮ ਦੀ ਅਮਨ ਪਸੰਦ ਸਿੱਖਿਆ ਦਾ ਪਤਾ ਲੱਗਿਆ। ਸਾਡੇ ਵਿਰੋਧੀ ਜੋ ਚਾਹੁਣ, ਸੋਚਣ ਅਤੇ ਕਰਨ। ਸਾਡਾ ਕੰਮ ਹੈ ਕਿ ਜੇਕਰ ਸਾਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨਾਲ ਸੱਚੀ ਮੁਹੱਬਤ ਹੈ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ ਅਤੇ ਸੰਸਾਰ ਵਿੱਚ ਫੈਲਾਉਣ। ਦੁਨੀਆਂ ਨੂੰ ਦੱਸੋ ਕਿ ਅੱਜ ਸੰਸਾਰ ਵਿੱਚ ਅਮਨ ਅਤੇ ਸਲਾਮਤੀ ਦਾ ਇਹੋ ਇੱਕੋ ਇੱਕ ਰਾਹ ਹੈ। ਸੋ, ਆਓ ਅਮਨ ਅਤੇ ਸਲਾਮਤੀ ਦਾ ਉਪਦੇਸ਼ ਦੇਣ ਵਾਲੀ ਉਸ ਮਹਾਨ ਹਸਤੀ ਨਾਲ ਜੁੜ੍ਹ ਕੇ ਲੋਕ ਪਰਲੋਕ ਵਿੱਚ ਆਪਣੀ ਸਲਾਮਤੀ ਦੇ ਸਮਾਨ ਕਰ ਲਈਏ। ਇਹ ਕੇਵਲ ਸ਼ਬਦ ਹੀ ਨਹੀਂ ਹਨ। ਸਗੋਂ ਜਦੋਂ ਅਸੀਂ ਇਤਿਹਾਸ ਉੱਤੇ ਨਜ਼ਰ ਪਾਉਂਦੇ ਹਾਂ ਤਾਂ ਵੇਖਦੇ ਹਾਂ ਕਿ ਕਿਵੇਂ ਉਸ ਨਬੀ

ਨੇ ਅਣਪੜ੍ਹ ਅਤੇ ਅਗਿਆਨੀ ਅਰਬਾਂ ਨੂੰ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢ ਕੇ ਉੱਤਮ ਆਚਰਣ ਅਤੇ ਅਮਲ ਦੇ ਮੁਨਾਰਿਆਂ ਉੱਤੇ ਪਹੁੰਚਾ ਦਿੱਤਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫਰਮਾਉਂਦੇ ਹਨ :" ਉਹੀ ਰਸੂਲ (ਸੱਲਲਾਹੁ ਅਲੈਹਿ ਵਸੱਲਮ) ਜਿਸ ਨੇ ਵਹਸ਼ੀਆਂ ਨੂੰ ਮਨੁੱਖ ਬਣਾਇਆ ਅਤੇ ਮਨੁੱਖ ਤੋਂ ਉੱਚ ਆਚਰਣ ਵਾਲਾ ਮਨੁੱਖ ਬਣਾਇਆ। ਅਰਥਾਤ ਸੱਚੇ ਅਤੇ ਅਸਲ ਆਚਰਣ ਦੇ ਕੇਂਦਰ ਉੱਤੇ ਕਾਯਮ ਕੀਤਾ ਅਤੇ ਫਿਰ ਉੱਚ ਆਚਰਣ ਵਾਲੇ ਮਨੁੱਖ ਨੂੰ ਰੱਬ ਵਾਲਾ ਹੋਣ ਦੇ ਰੱਬੀ ਰੰਗ ਵਿੱਚ ਰੰਗੀਨ ਕੀਤਾ " (ਮਜਮੂਆ ਇਸ਼ਤਿਹਾਰਾਤ ਜਿਲਦ 2 ਪੰਨਾ 183, ਪ੍ਰਕਾਸ਼ਿਤ 2019)

ਸੋ, ਆਪ ਸੱਲਲਾਹੁ ਅਲੈਹਿ ਵਸੱਲਮ ਨੇ ਆਪਣੇ ਸ਼ਰਧਾਲੂਆਂ ਨੂੰ ਆਚਰਣ ਅਤੇ ਇਬਾਦਤ ਦੇ ਉਹ ਸਿਧਾਂਤ ਸਿਖਾਏ। ਜਿਨ੍ਹਾਂ ਨੇ ਉਨ੍ਹਾਂ ਨੂੰ ਰੱਬ ਦੀ ਨੇੜ੍ਹਤਾ ਪਾਉਣ ਵਾਲਾ ਬਣਾ ਦਿੱਤਾ ਅਤੇ ਉਹਨਾਂ ਦਾ ਹਰ ਸ਼ਬਦ ਅਤੇ ਕੰਮ ਰੱਬ ਦੀ ਰਜ਼ਾ ਲਈ ਹੋ ਗਿਆ। ਮਨੁੱਖਾਂ ਦੇ ਹੱਕ ਵੀ ਅਦਾ ਕੀਤੇ ਤਾਂ ਰੱਬ ਦਾ ਪਿਆਰ ਪਾਉਣ ਲਈ। ਸੋ, ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਸੱਚੇ ਦਿਲੋਂ ਪਾਲਣਾਂ ਮਨੁੱਖ ਨੂੰ ਉੱਥੇ ਲੈ ਜਾਂਦੀ ਹੈ। ਜਿੱਥੇ ਉਹ ਰੱਬ ਦਾ ਸੱਚਾ ਪ੍ਰੇਮੀ ਬਣ ਜਾਂਦਾ ਹੈ ਅਤੇ ਇਹ ਸੱਚਾ ਪ੍ਰੇਮ ਫਿਰ ਮਨੁੱਖ ਦੀ ਹਰ ਗੱਲ੍ਹ ਅਤੇ ਕੰਮ ਨੂੰ ਰੱਬ ਦਾ ਪਿਆਰ ਪ੍ਰਾਪਤ ਕਰਨ ਵਾਲਾ ਬਣਾ ਦਿੰਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ, ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਸੱਚੇ ਦਿੱਲੋਂ ਪਾਲਣਾ ਕਰਨ ਵਾਲੇ ਬਾਰੇ ਫਰਮਾਉਂਦੇ ਹਨ ਕਿ

" ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਸੱਚੇ ਦਿੱਲੋਂ ਪਾਲਣਾ ਕਰਨਾ ਅਤੇ ਆਪ ਨਾਲ ਮੁਹੱਬਤ ਰੱਖਣਾ ਅੰਤ ਵਿੱਚ ਮਨੁੱਖ ਨੂੰ ਰੱਬ ਦਾ ਪਿਆਰਾ ਬਣਾ ਦਿੰਦਾ ਹੈ " (ਹਕੀਕਤੁਲੱ ਵਹੀ, ਰੂਹਾਨੀ ਖਜ਼ਾਇਨ ਜਿਲਦ 22 ਪੰਨਾ 67)

ਸੋ, ਇਹ ਉਹ ਇਨਕਲਾਬ ਸੀ, ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਲੋਕਾਂ ਦੇ ਦਿਲਾਂ ਵਿੱਚ ਪੈਦਾ ਕੀਤਾ ਕਿ ਜੋ ਦਵੈਤਵਾਦੀ[1] ਸਨ, ਉਹ ਇੱਕ ਇਸ਼੍ਰਵਾਦੀ ਬਣ ਗਏ ਅਤੇ ਅਜਿਹੇ ਇਸ਼੍ਰਵਾਦੀ ਬਣੇ ਕਿ ਰੱਬ ਦੇ ਪਿਆਰੇ ਬਣ ਗਏ। ਉਹ ਰੱਬ ਦੇ ਪਿਆਰੇ ਅਤੇ ਰੱਬ ਉਹਨਾਂ ਦਾ ਪਿਆਰਾ ਬਣ ਗਿਆ। ਰੱਬ ਦੇ ਪਿਆਰਿਆਂ ਨੇ ਇਬਾਦਤ ਦੇ ਵੀ ਹੱਕ ਅਦਾ ਕੀਤੇ ਅਤੇ ਚੰਗੀ ਤਰ੍ਹਾਂ ਅਦਾ ਕੀਤੇ। ਰੱਬ ਦੀ ਦਿੱਤੀ ਹੋਈ ਸਿੱਖਿਆ ਉੱਤੇ ਅਮਲ ਕਰਨਾ ਸ਼ੁਰੂ ਕੀਤਾ ਅਤੇ ਖ਼ੂਬ ਕੀਤਾ ਅਤੇ ਉਸ ਦੇ ਮਿਆਰ ਕਾਯਮ ਕੀਤੇ। ਜੱਦ ਕਿਸੇ ਨਾਲ ਪਿਆਰ ਹੁੰਦਾ ਹੈ ਤਾਂ ਫ਼ਿਰ ਉਸ ਦੀ ਹਰ ਗੱਲ੍ਹ ਉੱਤੇ ਮਨੁੱਖ ਅਮਲ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਸ ਦੀ ਹਰ ਗੱਲ੍ਹ ਸੁਣਨ ਅਤੇ ਉਸ ਨੂੰ ਮੰਨਣ ਦੀ ਕੋਸ਼ਿਸ਼ ਕਰਦਾ ਹੈ। ਜ਼ੁਬਾਨੀ ਮੁਹੱਬਤ ਦਾ ਦਾਅਵਾ ਨਹੀਂ ਕਰਦਾ। ਸੋ, ਜੱਦ ਉਹਨਾਂ ਲੋਕਾਂ ਵਿੱਚ ਰੱਬ ਦਾ ਪਿਆਰ ਪੈਦਾ ਹੋਇਆ ਤਾਂ ਰੱਬ ਦੇ ਬੰਦੀਆਂ ਦੇ ਹੱਕ ਅਦਾ ਕਰਨ ਵੱਲ੍ਹ ਵੀ ਧਿਆਨ ਗਿਆ। ਮਨੁੱਖਾਂ ਦੇ ਹੱਕਾਂ ਦੀ ਪੂਰਤੀ ਵਿੱਚ ਵੀ ਇੱਕ ਦੂਜੇ ਤੋਂ ਅੱਗੇ ਵੱਧਣ ਦੀ ਕੋਸ਼ਿਸ਼ ਕਰਨ ਵਾਲੇ ਬਣ ਗਏ ਅਤੇ ਜੱਦ ਇਹ ਹਾਲਤ ਪੈਦਾ ਹੋਵੇ, ਤਾਂ ਫ਼ਿਰ ਇੱਕ ਦੂਜੇ ਲਈ ਮੁਹੱਬਤ ਅਤੇ ਪਿਆਰ ਵੀ

---

[1] ਮੁਸ਼ਰਿਕ, ਰੱਬ ਤੋਂ ਬਿਨਾਂ ਹੋਰਾਂ ਦੀ ਪੂਜਾ ਕਰਨ ਵਾਲੇ।

ਰੱਬ ਲਈ ਪੈਦਾ ਹੁੰਦਾ ਹੈ। ਦੂਜੀਆਂ ਦੇ ਹੱਕ ਵੀ ਰੱਬ ਦਾ ਪਿਆਰ ਪ੍ਰਾਪਤ ਕਰਨ ਲਈ ਮਨੁੱਖ ਅਦਾ ਕਰਦਾ ਹੈ ਅਤੇ ਜੱਦ ਇਹ ਮਿਆਰ ਬਣ ਜਾਂਦੇ ਹਨ ਤਾਂ ਅਮਨ ਅਤੇ ਸਲਾਮਤੀ ਦੀ ਨੀਂਹ ਵੀ ਪੈਂਦੀ ਹੈ। ਉਸ ਲਈ ਯਤਨ ਕੀਤੇ ਜਾਂਦੇ ਹਨ ਅਤੇ ਉਸ ਦੇ ਮਿਆਰ ਸਥਾਪਿਤ ਕੀਤੇ ਜਾਂਦੇ ਹਨ।

ਸੋ, ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਉਹ ਹਸਤੀ ਹਨ। ਜਿਨ੍ਹਾਂ ਨੇ ਸਾਨੂੰ ਰੱਬ ਨੂੰ ਮਿਲਣ ਦਾ ਰਾਹ ਦੱਸਿਆ ਅਤੇ ਇਹੀ ਉਹ ਹਸਤੀ ਹੈ, ਜਿਸ ਦੀ ਦੱਸੀ ਸਿੱਖਿਆ ਉੱਤੇ ਅਮਲ ਕਰਕੇ ਸੰਸਾਰ ਵਿੱਚ ਅਮਨ ਅਤੇ ਸਲਾਮਤੀ ਪੈਦਾ ਹੋ ਸਕਦੀ ਹੈ। ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਅਮਨ ਦੀ ਨੀਂਹ ਘਰੋਂ ਸ਼ੁਰੂ ਹੁੰਦੀ ਹੈ। ਫਿਰ ਮੁਹੱਲੇ, ਕਸਬੇ, ਸ਼ਹਿਰ, ਦੇਸ਼ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਉਸ ਦਾ ਘੇਰਾ ਵੱਧ ਜਾਂਦਾ ਹੈ। ਸੋ, ਹਰ ਪੱਧਰ ਉੱਤੇ ਜੱਦ ਇੱਕ ਦੂਜੇ ਦੀਆਂ ਭਾਵਨਾਵਾਂ ਅਤੇ ਅਧਿਕਾਰਾਂ ਦਾ ਧਿਆਨ ਰੱਖਿਆ ਜਾਂਦਾ ਹੈ, ਤਾਂ ਅਮਨ ਸਥਾਪਿਤ ਹੁੰਦਾ ਹੈ ਅਤੇ ਹਰ ਵਰਗ ਦੀ ਇਹੀ ਸਿੱਖਿਆ ਰੱਬ ਨੇ ਆਪ ਸੱਲਲਾਹੁ ਅਲੈਹਿ ਵਸੱਲਮ ਰਾਹੀਂ ਸਾਨੂੰ ਦਿੱਤੀ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਇਹ ਸਿੱਖਿਆ ਹਰ ਵਰਗ ਨੂੰ ਦਿੱਤੀ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਇਸ ਵਿਸ਼ੇ ਬਾਰੇ ਵੱਖੋ ਵੱਖ ਮੌਕਿਆਂ ਉੱਤੇ ਬਿਆਨ ਕਰਦੇ ਸਨ।

" **ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਅਤੇ ਸੰਸਾਰ ਦਾ ਅਮਨ** "

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੋ ਦੇ ਇਸ ਲੇਖ ਤੋਂ ਲਾਭ ਚੁੱਕਦੇ ਹੋਏ, ਮੈਂ ਇਸ ਸੰਬੰਧੀ ਕੁੱਝ ਬਿਆਨ ਕਰਾਂਗਾ ।

ਅਸੀਂ ਇਹ ਤਾਂ ਸਮਝਦੇ ਹਾਂ ਕਿ ਅਮਨ ਬਹੁਤ ਮਹੱਤਵਪੂਰਨ ਚੀਜ਼ ਹੈ ਅਮਨ ਦੀਆਂ ਗੱਲਾਂ ਹੁੰਦੀਆਂ ਹਨ । ਹਰ ਕੋਈ ਕਹਿੰਦਾ ਹੈ ਕਿ ਅਮਨ ਬਹੁਤ ਜ਼ਰੂਰੀ ਚੀਜ਼ ਹੈ ਅਤੇ ਅਮਨ ਹੀ ਘਰ ਦੀ ਸ਼ਾਂਤੀ ਅਤੇ ਸਲਾਮਤੀ ਦੀ ਜ਼ਮਾਨਤ ਹੈ ਅਤੇ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਅਮਨ ਅਤੇ ਸਲਾਮਤੀ ਦੀ ਜ਼ਮਾਨਤ ਹੈ ਅਤੇ ਇੱਛਾ ਵੀ ਰੱਖਦੇ ਹਨ ਕਿ ਹਰ ਪੱਧਰ ਉੱਤੇ ਅਮਨ ਕਾਯਮ ਹੋਵੇ । ਪਰ ਕੇਵਲ ਇੱਛਾ ਅਮਨ ਪੈਦਾ ਨਹੀਂ ਕਰਦੀ ਕਿਉਂਕਿ ਇੱਥੇ ਵੀ ਅਮਨ ਦੀ ਇੱਛਾ ਦੇ ਨਾਲ ਸੁਆਰਥ ਹੈ ਅਤੇ ਇਹੀ ਅਸੀਂ ਸੰਸਾਰ ਵਿੱਚ ਵੇਖਦੇ ਹਾਂ ।

ਜੇਕਰ ਸੁਆਰਥ ਨ ਹੋਵੇ ਤਾਂ ਲੜਾਈਆਂ ਹੋ ਹੀ ਨਹੀਂ ਸਕਦੀਆਂ । ਆਮ ਤੌਰ ਉੱਤੇ ਜਦੋਂ ਕੋਈ ਅਮਨ ਦੀ ਗੱਲ੍ਹ ਕਰਦਾ ਹੈ ਤਾਂ ਅਮਨ ਦੀ ਇੱਛਾ ਆਪਣੇ ਲਈ ਹੁੰਦੀ ਹੈ । ਸਗੋਂ ਜੱਦ ਮਨੁੱਖ ਦੁਆ ਵੀ ਕਰਦਾ ਹੈ ਅਤੇ ਜੇਕਰ ਦੁਆ ਨ ਵੀ ਹੋ ਰਹੀ ਹੋਵੇ, ਤਾਂ ਵੀ ਮਨੁੱਖ ਇਹੀ ਕਹਿੰਦਾ ਹੈ, ਅਰਥਾਤ ਕਈ ਵਾਰ ਇੱਛਾ ਦਾ ਪ੍ਰਗਟਾਵਾ ਜ਼ੁਬਾਨ ਉੱਤੇ ਵੀ ਆ ਜਾਂਦਾ ਹੈ ਕਿ ਰੱਬ ਮੈਨੂੰ ਅਤੇ ਮੇਰੀ ਪਤਨੀ ਅਤੇ ਬਚਿੱਆਂ ਅਤੇ ਮੇਰੇ ਪਿਆਰਿਆਂ ਨੂੰ ਅਮਨ ਵਿੱਚ ਰੱਖੇ । ਦੂਜੀਆਂ ਦੇ ਅਮਨ ਵਿੱਚ ਰਹਿਣ ਲਈ ਇਹ ਦਰਦ ਨਹੀਂ ਹੁੰਦਾ ਜਾਂ ਮਨੁੱਖ ਆਪਣਾ ਜੀਵਨ ਸੁੱਖ ਨਾਲ ਬਤੀਤ ਕਰਨ ਲਈ

ਧਨ ਦੌਲਤ ਚਾਹੁੰਦਾ ਹੈ ਅਤੇ ਉਸ ਨੂੰ ਚੰਗਾ ਸਮਝਦਾ ਹੈ ਤਾਂ ਇਸ ਦਾ ਅਰਥ ਇਹ ਨਹੀਂ ਕਿ ਵਿਰੋਧੀ ਲਈ ਵੀ ਉਹ ਦੌਲਤ ਨੂੰ ਚੰਗਾ ਸਮਝਦਾ ਹੈ। ਸਗੋਂ ਕੇਵਲ ਆਪਣੇ ਲਈ ਦੌਲਤ ਨੂੰ ਚੰਗਾ ਸਮਝਦਾ ਹੈ। ਜੇਕਰ ਸਿਹਤ ਨੂੰ ਚੰਗਾ ਮੰਨਦਾ ਹੈ ਤਾਂ ਇਸ ਦਾ ਅਰਥ ਇਹ ਨਹੀਂ ਹੈ ਕਿ ਵਿਰੋਧੀ ਲਈ ਵੀ ਚੰਗੀ ਸਿਹਤ ਚਾਹੁੰਦਾ ਹੈ। ਵਿਰੋਧੀ ਲਈ ਤਾਂ ਇਹੋ ਪਸੰਦ ਕਰਦਾ ਹੈ ਕਿ ਉਹ ਗਰੀਬ ਅਤੇ ਕਮਜ਼ੋਰ ਹੋਵੇ ਤਾਂ ਕਿ ਉਸ ਨੂੰ ਵਿਰੋਧੀ ਉੱਤੇ ਵੱਡਿਆਈ ਹੋਵੇ। ਇੰਝ ਹੀ ਜੇਕਰ ਲੋਕ ਮਾਣ ਸਤਿਕਾਰ ਚਾਹੁੰਦੇ ਹਨ ਤਾਂ ਆਪਣੇ ਲਈ, ਹਰ ਕਿਸੇ ਲਈ ਨਹੀਂ। ਇਹ ਕਦੇ ਵੀ ਸਹਿਣ ਨਹੀਂ ਹੁੰਦਾ ਕਿ ਹੋਰਾਂ ਨੂੰ ਵੀ ਉਹੀ ਸਨਮਾਨ ਮਿਲੇ ਜੋ ਮੈਨੂੰ ਮਿਲ ਰਿਹਾ ਹੈ। ਸੰਸਾਰ ਵਿੱਚ ਇਹੀ ਕੁੱਝ ਅਸੀਂ ਵੇਖਦੇ ਹਾਂ, ਆਮ ਲੋਕਾਂ ਵਿੱਚ ਵੀ ਅਤੇ ਨੇਤਾਵਾਂ ਵਿੱਚ ਵੀ। ਲੀਡਰਾਂ ਦੀਆਂ ਆਪਸ ਦੀਆਂ ਲੜਾਈਆਂ ਅਤੇ ਸੱਤਾ ਵਿੱਚ ਆਉਣ ਦੇ ਬਾਦ ਇੱਕ ਦੂਜੇ ਉੱਤੇ ਜ਼ੁਲਮ ਜੋ ਅਸੀਂ ਆਪਣੇ ਹੀ ਦੇਸ਼ ਵਿੱਚ ਵੇਖ ਰਹੇ ਹਾਂ, ਇੱਕ ਦੂਜੇ ਉੱਤੇ ਕਰ ਰਹੇ ਹਨ। ਉਹ ਇਸੇ ਸੋਚ ਦਾ ਨਤੀਜਾ ਹੈ। ਸੋ, ਜੇਕਰ ਕੇਵਲ ਅਮਨ ਦੀ ਇੱਛਾ ਹੈ ਤਾਂ ਉਹ ਫ਼ਸਾਦ ਦਾ ਕਾਰਨ ਬਣ ਸਕਦੀ ਹੈ ਕਿਉਂਕਿ ਉਸ ਵਿੱਚ ਸੁਆਰਥ ਸ਼ਾਮਿਲ ਹੈ ਕਿਉਂਕਿ ਜੋ ਲੋਕ ਅਮਨ ਚਾਹੁੰਦੇ ਹਨ। ਉਹ ਇੰਝ ਅਮਨ ਦੇ ਚਾਹਵਾਨ ਹਨ ਕਿ ਕੇਵਲ ਉਹ ਅਤੇ ਉਨ੍ਹਾਂ ਦੇ ਪਿਆਰੇ ਜਾਂ ਉਨ੍ਹਾਂ ਦੀ ਕੌਮ ਅਮਨ ਵਿੱਚ ਰਹੇ। ਹੋਰਾਂ ਲਈ ਅਤੇ ਵਿਰੋਧੀਆਂ ਲਈ, ਉਹ ਇਹੀ ਚਾਹੁੰਦੇ ਕਿ ਉਨ੍ਹਾਂ ਦਾ ਅਮਨ ਤਬਾਹ ਕਰ ਦੇਣ। ਸੋ, ਜੇਕਰ ਇਸ ਸਿਧਾਂਤ ਨੂੰ ਲਾਗੂ

ਕਰ ਦਿੱਤਾ ਜਾਵੇ ਕਿ ਆਪਣੇ ਲਈ ਹੋਰ ਕਾਨੂੰਨ ਹੋਣ ਅਤੇ ਦੂਜੀਆਂ ਲਈ ਹੋਰ (ਕਾਨੂੰਨ ਹੋਣ) ਤਾਂ ਸੰਸਾਰ ਵਿੱਚ ਜੋ ਵੀ ਅਮਨ ਕਾਯਮ ਹੋਵੇਗਾ, ਉਹ ਕੁੱਝ ਲੋਕਾਂ ਦਾ ਅਮਨ ਹੋਵੇਗਾ। ਸਾਰੇ ਸੰਸਾਰ ਦਾ ਅਮਨ ਨਹੀਂ ਹੋਵੇਗਾ ਅਤੇ ਜੋ ਸਾਰੇ ਸੰਸਾਰ ਦਾ ਅਮਨ ਨ ਹੋਵੇ। ਉਹ ਹਕੀਕੀ ਅਮਨ ਨਹੀਂ ਅਖਵਾ ਸਕਦਾ। ਹਕੀਕੀ ਅਮਨ ਤੱਦ ਹੀ ਕਾਯਮ ਹੋਵੇਗਾ, ਜੱਦ ਨਿੱਜੀ, ਪਰਿਵਾਰਕ, ਨਸਲੀ, ਕੌਮੀ ਅਤੇ ਸਵਦੇਸੀ ਸੁਆਰਥ ਤੋਂ ਉੱਤੇ ਉੱਠ ਕੇ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇ। ਇੱਕ ਕੇਂਦਰੀ ਧੁੱਰੇ ਦੀ ਪ੍ਰਾਪਤੀ ਲਈ ਕੀਤੀ ਜਾਵੇ ਅਤੇ ਇਹ ਉਦੋਂ ਹੀ ਹੋ ਸਕਦਾ ਹੈ, ਜੱਦ ਮਨੁੱਖ ਇਸ ਗੱਲ੍ਹ ਨੂੰ ਸਮਝ ਲਏ ਅਤੇ ਉਸ ਦੀ ਸੂਝ ਬੂਝ ਪੈਦਾ ਕਰ ਲਏ ਕਿ ਮੇਰੇ ਉੱਤੇ ਵੀ ਇੱਕ ਸਰਵੋਤਮ ਹਸਤੀ ਹੈ, ਜੋ ਮੇਰੇ ਲਈ ਹੀ ਅਮਨ ਨਹੀਂ ਚਾਹੁੰਦੀ, ਸਗੋਂ ਸਾਰੇ ਸੰਸਾਰ ਲਈ ਅਮਨ ਚਾਹੁੰਦੀ ਹੈ। ਜੋ ਮੇਰੇ ਘਰ ਅਤੇ ਦੇਸ਼ ਲਈ ਹੀ ਅਮਨ ਨਹੀਂ ਚਾਹੁੰਦੀ, ਸਗੋਂ ਸਾਰੇ ਸੰਸਾਰ ਲਈ ਅਮਨ ਚਾਹੁੰਦੀ ਹੈ। ਸੋ, ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਅਮਨ ਦੀ ਸਿੱਖਿਆ ਦਾ ਧੁੱਰਾ ਇਹੋ ਅਹਿਸਾਸ ਹੈ ਕਿ ਸਰਵੋਤਮ ਹਸਤੀ ਮੈਨੂੰ ਵੇਖ ਰਹੀ ਹੈ। ਜਿਸ ਲਈ ਮੈਂ ਆਪਣੀ ਕਥਨੀ ਅਤੇ ਕਰਨੀ ਨੂੰ ਇੱਕ ਕਰਨਾ ਹੈ। ਸਦਾ ਇਸ ਸਿਧਾਂਤ ਉੱਤੇ ਤੁਰਨ ਲਈ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਦੱਸੇ ਉਸ ਸੁਨਹਿਰੀ ਸਿਧਾਂਤ ਨੂੰ ਸਾਮ੍ਹਣੇ ਰੱਖਣਾ ਹੋਵੇਗਾ ਕਿ ਦੂਜੀਆਂ ਲਈ ਵੀ ਉਹੀ ਪਸੰਦ ਕਰੋ, ਜੋ ਆਪਣੇ ਲਈ ਪਸੰਦ ਕਰਦੇ ਹੋ।

ਸੋ, ਇਸ ਸਿਧਾਂਤ ਨੂੰ ਸਾਮ੍ਹਣੇ ਰੱਖਦੇ ਹੋਏ ਸਦਾ ਇਹ ਸੋਚ ਰੱਖਣੀ ਹੋਵੇਗੀ ਕਿ ਜੇਕਰ ਮੈਂ ਕੇਵਲ ਆਪਣੇ ਲਈ ਜਾਂ ਆਪਣੀ ਕੌਮ ਲਈ ਜਾਂ ਕੇਵਲ ਆਪਣੇ ਦੇਸ਼ ਲਈ ਅਮਨ ਚਾਹੁੰਦਾ ਹਾਂ, ਤਾਂ ਮੈਨੂੰ ਰੱਬ ਦੀ ਮਦਦ, ਉਸ ਦੀ ਸਹਾਇਤਾ ਅਤੇ ਉਸ ਦੀ ਰਜ਼ਾ ਕਦੇ ਵੀ ਪ੍ਰਾਪਤ ਨਹੀਂ ਹੋ ਸਕਦੀ। ਜੱਦ ਮਨੁੱਖ ਇਸ ਵਿਸ਼ਵਾਸ ਉੱਤੇ ਕਾਯਮ ਹੋ ਜਾਂਦਾ ਹੈ ਕਿ ਰੱਬ ਲਈ ਸਭ ਕੁੱਝ ਕਰਨਾ ਹੈ, ਤਦੱ ਹੀ ਹਕੀਕੀ ਅਮਨ ਕਾਯਮ ਹੋ ਸਕਦਾ ਹੈ। ਸੋ, ਰੱਬ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਰਾਹੀਂ ਸਾਨੂੰ

اَلۡمَلِكُ الۡقُدُّوۡسُ السَّلٰمُ الۡمُؤۡمِنُ (ਸੂਰਤੁਲੱ ਹਸ਼ਰ 59:24)

ਅਰਥਾਤ ਉਹ ਬਾਦਸ਼ਾਹ ਹੈ, ਆਪ ਵੀ ਪਾਕ ਹੈ, ਹੋਰਾਂ ਨੂੰ ਵੀ ਪਾਕ ਕਰਦਾ ਹੈ, ਹਰੇਕ ਉਣਤਾਈ ਤੋਂ ਪਾਕ ਹੈ, ਹੋਰਾਂ ਨੂੰ ਵੀ ਪਾਕ ਰੱਖਦਾ ਹੈ ਸਾਰੀਆਂ ਨੂੰ ਅਮਨ ਦੇਣ ਵਾਲਾ ਹੈ। ਇਹ ਕਹਿ ਕਿ اَلۡمَلِكُ الۡقُدُّوۡسُ السَّلٰمُ الۡمُؤۡمِنُ ਮਨੁੱਖੀ ਇਰਾਦੀਆਂ ਨੂੰ ਪਾਕ ਸਾਫ਼ ਕਰ ਦਿੱਤਾ ਹੈ ਅਤੇ ਇਹ ਯਕੀਨੀ ਗੱਲ੍ਹ ਹੈ ਕਿ ਜੱਦ ਤੱਕ ਇਰਾਦੇ ਠੀਕ ਨ ਹੋਣ। ਉਦੋਂ ਤੱਕ ਕੰਮ ਵੀ ਠੀਕ ਨਹੀਂ ਹੋ ਸਕਦੇ। ਨਿੱਯਤ ਹੀ ਸਾਫ਼ ਨ ਹੋਵੇ ਤਾਂ ਕੰਮ ਵਿੱਚ ਬਰਕਤ ਕਿਵੇਂ ਪੈ ਸਕਦੀ ਹੈ ? ਜੱਦ ਤੱਕ ਇਰਾਦੇ ਠੀਕ ਨ ਹੋਣ, ਉਦੋਂ ਤੱਕ ਕਦੇ ਵੀ ਕੰਮ ਠੀਕ ਨਹੀਂ ਹੋ ਸਕਦੇ, ਹੋ ਹੀ ਨਹੀਂ ਸਕਦੇ।

ਸੰਸਾਰ ਵਿੱਚ ਇਸ ਸਮੇਂ ਜੋ ਵੀ ਲੜਾਈਆਂ ਅਤੇ ਫਸਾਦ ਹਨ। ਉਹ ਸਾਰੇ ਇਸ ਕਾਰਨ ਹਨ ਕਿ ਮਨੁੱਖ ਦੇ ਇਰਾਦੇ ਸਾਫ਼ ਨਹੀਂ ਹਨ। ਲੋਕ ਮੂੰਹੋਂ ਜੋ ਗੱਲ੍ਹਾਂ ਕਰਦੇ ਹਨ, ਉਨ੍ਹਾਂ ਦੇ ਅਨੁਸਾਰ ਉਨ੍ਹਾਂ ਦੀਆਂ ਇੱਛਾਵਾਂ ਨਹੀਂ ਅਤੇ

ਉਨ੍ਹਾਂ ਦੀਆਂ ਇੱਛਾਵਾਂ ਅਨੁਸਾਰ ਉਨ੍ਹਾਂ ਦੀ ਕਥਨੀ ਅਤੇ ਕਰਨੀ ਨਹੀਂ ਅਤੇ ਸੰਸਾਰ ਦੇ ਇਸ ਫ਼ਸਾਦ ਵਿੱਚ ਵੱਡੀ ਅਤੇ ਵਿਕਸਤ ਕੌਮਾਂ ਦਾ ਵੱਡਾ ਕਿਰਦਾਰ ਹੈ। ਅੱਜ ਭਾਵੇਂ ਸੰਸਾਰ ਲੜਾਈ ਨੂੰ ਬੁਰਾ ਆਖਦਾ ਹੈ। ਹਰ ਲੀਡਰ ਦਾ ਇਹੀ ਬਿਆਨ ਹੁੰਦਾ ਹੈ ਕਿ ਜੰਗ ਮਾੜੀ ਗੱਲ੍ਹ ਹੈ। ਪਰ ਇਸ ਦਾ ਅਰਥ ਕੇਵਲ ਇਹ ਹੈ ਕਿ ਜੇ ਕੋਈ ਸਾਡੇ ਨਾਲ ਲੜਦਾ ਹੈ ਤਾਂ ਇਹ ਮਾੜੀ ਗੱਲ੍ਹ ਹੈ। ਪਰ ਜੇ ਉਨ੍ਹਾਂ ਵੱਲੋਂ ਜੰਗ ਸ਼ੁਰੂ ਕੀਤੀ ਜਾਵੇ ਤਾਂ ਇਹ ਮਾੜੀ ਗੱਲ੍ਹ ਨਹੀਂ ਹੈ ਅਤੇ ਇਹ ਕਮੀ ਇਸ ਕਰਕੇ ਹੈ ਕਿ ਇਹਨਾਂ ਲੋਕਾਂ ਦੀ ਨਜ਼ਰ ਉਸ ਹਸਤੀ ਵੱਲ੍ਹ ਨਹੀਂ ਹੈ ਜੋ " ਸਲਾਮ " ਹੈ ਅਤੇ ਸਲਾਮਤੀ ਦੇਣ ਵਾਲੀ ਹਸਤੀ ਹੈ। ਉਹ ਸਮਝਦੇ ਹਨ ਕਿ ਜਿੱਥੋਂ ਤੱਕ ਸਾਡਾ ਹਿੱਤ ਹੈ, ਅਸੀਂ ਅਮਨ ਦੇ ਨਾਅਰੇ ਲਾਉਣ ਦੀ ਪਾਲਣਾ ਕਰਾਂਗੇ। ਪਰ ਜੱਦ ਸਾਡੇ ਹਿੱਤ ਦੇ ਵਿਰੁੱਧ ਹੋਵੇਗਾ, ਅਸੀਂ ਉਸ ਨੂੰ ਰੱਦ ਕਰਾਂਗੇ। ਸਾਡੇ ਵਿਰੋਧੀ ਦੀ ਕੋਈ ਮਦਦ ਕਰੇ ਅਤੇ ਉਸ ਨੂੰ ਹਥਿਆਰ ਦੇਵੇ ਤਾਂ ਇਹ ਕਦੇ ਵੀ ਮਨਜ਼ੂਰ ਨਹੀਂ। ਪਰ ਜੇਕਰ ਅਸੀਂ ਕਿਸੇ ਨੂੰ ਹਥਿਆਰ ਦਿੰਦੇ ਹਾਂ, ਭਾਵੇਂ ਉਹ ਜ਼ੁਲਮ ਲਈ ਵਰਤਣ, ਤਾਂ ਇਹ ਸਹੀ ਹੈ। ਜੇਕਰ ਇਹ ਸੋਚ ਹੋਵੇ ਤਾਂ ਅਸਲ ਅਮਨ ਕਿਵੇਂ ਸਥਾਪਿਤ ਹੋ ਸਕਦਾ ਹੈ ?

ਸੋ, ਹਕੀਕੀ ਅਮਨ ਸਥਾਪਿਤ ਕਰਨ ਲਈ ਇਹੀ ਸਿਧਾਂਤ ਅਤੇ ਉਸ ਅਨੁਸਾਰ ਅਮਲ ਲਾਭਕਾਰੀ ਹੋਵੇਗਾ ਕਿ ਸੰਸਾਰ ਦਾ ਇੱਕੋ ਇੱਕ ਰੱਬ ਹੈ ਜੋ ਇਹ ਚਾਹੁੰਦਾ ਹੈ ਕਿ ਸਾਰੇ ਲੋਕ ਅਮਨ ਨਾਲ ਰਹਿਣ ਅਤੇ ਜੱਦ ਇਹ ਵਿਸ਼ਵਾਸ ਹੋਵੇਗਾ ਅਤੇ ਉਸ ਉੱਤੇ ਅਮਲ ਹੋਵੇਗਾ। ਤੱਦ ਹੀ ਮਨੁੱਖ ਦੀਆਂ

ਇੱਛਾਵਾਂ ਸੁਆਰਥ ਤੋਂ ਪਾਕ ਹੋਣਗੀਆਂ, ਸਗੋਂ ਸੰਸਾਰ ਨੂੰ ਆਮ ਲਾਭ ਦੇਣ ਵਾਲਿਆਂ ਹੋਣਗੀਆਂ ਅਤੇ ਜੱਦ ਇੰਝ ਹੋਵੇਗਾ, ਤੱਦ ਸਾਡੀ ਸੋਚਾਂ ਅਤੇ ਅਮਨ ਅਤੇ ਸਲਾਮਤੀ ਕਾਇਮ ਕਰਨ ਦੇ ਹੋਰ ਹੀ ਮਿਆਰ ਹੋਣਗੇ। ਅਸੀਂ ਇਹ ਨਹੀਂ ਵੇਖਾਂਗੇ ਕਿ ਇਸ ਗੱਲ੍ਹ ਦਾ ਸਾਨੂੰ ਲਾਭ ਪਹੁੰਚਦਾ ਹੈ ਜਾਂ ਨਹੀਂ, ਸਗੋਂ ਅਸੀਂ ਵੇਖਾਂਗੇ ਕਿ ਸਮੂਹ ਸੰਸਾਰ ਉੱਤੇ ਇਸ ਦਾ ਕੀ ਪ੍ਰਭਾਵ ਪਏਗਾ। ਸੰਸਾਰਿਕ ਲੋਕ ਤਾਂ ਸਦਾ ਆਪਣੇ ਲਾਭ ਲਈ ਹੋਰਾਂ ਦੇ ਅਮਨ ਨੂੰ ਤਬਾਹ ਕਰਦੇ ਰਹਿੰਦੇ ਹਨ। ਪਰ ਜੋ ਲੋਕ ਇਹ ਵਿਸ਼ਵਾਸ ਰੱਖਦੇ ਹਨ ਕਿ ਇੱਕ ਸਰਵੋਤਮ ਹਸਤੀ ਹੈ, ਤਾਂ ਉਹ ਕਦੇ ਹਿੰਮਤ ਨਹੀਂ ਕਰਨਗੇ ਕਿਉਂਕਿ ਉਹ ਜਾਣਦੇ ਹਨ ਕਿ ਜੇਕਰ ਅਸੀਂ ਇੰਝ ਕੀਤਾ, ਤਾਂ ਇੱਕ ਸਰਵੋਤਮ ਹਸਤੀ ਸਾਨੂੰ ਕੁਚਲ ਕੇ ਰੱਖ ਦੇਵੇਗੀ। ਅਰਥਾਤ ਹਕੀਕੀ ਅਮਨ ਉਦੋਂ ਤੱਕ ਕਾਇਮ ਨਹੀਂ ਹੋ ਸਕਦਾ। ਜੱਦ ਤੱਕ ਇੱਕ ਸਰਵੋਤਮ ਹਸਤੀ ਨੂੰ ਮੰਨਿਆ ਨ ਜਾਵੇ। ਜੱਦ ਤੱਕ ਉਸ ਦਾ ਪਿਆਰ ਦਿਲ੍ਹ ਵਿੱਚ ਪੈਦਾ ਨ ਹੋਵੇ। ਇਹ ਵਿਸ਼ਵਾਸ ਕਿ ਰੱਬ ਅਮਨ ਦੇਣ ਵਾਲਾ ਹੈ। ਕੇਵਲ ਇਸਲਾਮ ਨੇ ਹੀ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਰਾਹੀਂ ਪੈਸ਼ ਕੀਤਾ ਹੈ। ਰੱਬ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵੱਲ੍ਹ ਜੋ ਸਿੱਖਿਆ ਭੇਜੀ ਉਸ ਵਿੱਚ ਫ਼ਰਮਾਇਆ :

قَدۡ جَآءَكُم مِّنَ اللّٰهِ نُورٌ وَّ كِتٰبٌ مُّبِينٌ - يَّهۡدِى بِهِ اللّٰهُ مَنِ اتَّبَعَ رِضۡوَانَهٗ سُبُلَ السَّلٰمِ

(ਸੂਰਤੁਲ ਮਾਇਦਹ 5:16-17)

ਅਰਥਾਤ ਤੁਹਾਡੇ ਲਈ ਰੱਬ ਵੱਲੋਂ ਇੱਕ ਨੂਰ ਅਤੇ ਰੋਸ਼ਨੀ ਦੇਣ ਵਾਲੀ ਕਿਤਾਬ (ਕੁਰਆਨ) ਆ ਚੁੱਕੀ ਹੈ। ਰੱਬ ਇਸ ਰਾਹੀਂ ਉਹਨਾਂ ਨੂੰ ਜੋ ਉਸ

ਦੀ ਰਜ਼ਾ ਉੱਤੇ ਚਲਦੇ ਹਨ, ਸਲਾਮਤੀ ਦੀਆਂ ਰਾਹਾਂ ਉੱਤੇ ਚਲਾਉਂਦਾ ਹੈ ਸੋ, ਰੱਬ ਨੇ ਤਾਂ ਹਦਾਯਤ ਦਾ ਨੂਰ ਭੇਜ ਦਿੱਤਾ। ਇੱਕ ਕਿਤਾਬ ਵੀ ਸਾਰੇ ਹੁਕਮਾਂ ਦੇ ਨਾਲ ਭੇਜ ਦਿੱਤੀ ਅਤੇ ਉਸ ਵਿੱਚ ਸਲਾਮਤੀ ਦੀਆਂ ਰਾਹਾਂ ਵੱਲ੍ਹ ਸਪੱਸ਼ਟ ਹਦਾਇਤਾਂ ਵੀ ਬਿਆਨ ਕਰ ਦਿੱਤੀਆਂ। ਹੁਣ ਜੋ ਲੋਕ ਉਸ ਦੀ ਸੰਪੂਰਨ ਪਾਲਣਾ ਕਰਨਗੇ। ਉਹੀ ਸਲਾਮਤੀ ਦੀਆਂ ਰਾਹਾਂ ਨੂੰ ਪਾਉਣ ਵਾਲੇ ਹੋਣਗੇ। ਜੇਕਰ ਅੱਜ ਮੁਸਲਮਾਨਾਂ ਵਿੱਚ ਲੜਾਈ ਝੱਗੜੇ ਹਨ, ਆਪਸ ਵਿੱਚ ਜੰਗਾਂ ਦੀ ਸਥਿਤੀ ਹੈ ਤਾਂ ਸਪੱਸ਼ਟ ਹੈ ਕਿ ਇਹ ਰੱਬ ਦੀ ਭੇਜੀ ਹੋਈ ਕਿਤਾਬ ਅਤੇ ਨੂਰ ਦੀ ਹਕੀਕੀ ਪਾਲਣਾ ਨਹੀਂ ਕਰ ਰਹੇ। ਬੇਸ਼ੱਕ ਦਾਅਵੇ ਹਨ ਕਿ ਅਸੀਂ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨਾਲ ਪਿਆਰ ਕਰਦੇ ਹਾਂ। ਪਰ ਅਮਲ ਉਸ ਦੇ ਖ਼ਿਲਾਫ਼ ਹਨ। ਰੱਬ ਦੀ ਗੱਲ੍ਹ ਤਾਂ ਕਦੇ ਗ਼ਲਤ ਨਹੀਂ ਹੋ ਸਕਦੀ। ਹਜ਼ਰਤ ਮੁਹੰਮਦ ਮੁਸਤਫ਼ਾ ਸੱਲਲਾਹੁ ਅਲੈਹਿ ਵਸੱਲਮ ਦੀਆਂ ਗੱਲ੍ਹਾਂ ਕਦੇ ਗ਼ਲਤ ਨਹੀਂ ਹੋ ਸਕਦੀਆਂ ਜੇਕਰ ਮੁਸਲਮਾਨਾਂ ਵਿੱਚ ਲੜਾਈ ਝੱਗੜ੍ਹਾ ਹੈ, ਤਾਂ ਇਹ ਸਪੱਸ਼ਟ ਹੈ ਕਿ ਉਹ ਇਸ ਖੁੱਲ੍ਹੀ ਖੁੱਲ੍ਹੀ ਕਿਤਾਬ ਨੂੰ ਮੰਣਨ ਦਾ ਦਾਅਵਾ ਤਾਂ ਕਰਦੇ ਹਨ। ਪਰ ਰੱਬ ਨੇ ਉਸ ਵਿੱਚ ਜੋ ਸਿੱਖਿਆਵਾਂ ਭੇਜਿਆ ਹਨ, ਉਸ ਦੀ ਪਾਲਣਾ ਨਹੀਂ ਕਰ ਰਹੇ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਲਈ ਪਿਆਰ ਦਾ ਦਾਅਵਾ ਹੈ। ਪਰ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਆਚਰਣ ਅਤੇ ਸਿੱਖਿਆਵਾਂ ਉੱਤੇ ਅਮਲ ਨਹੀਂ। ਸੋ, ਅੱਜ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸੱਚੇ ਗ਼ੁਲਾਮ ਨੂੰ ਮੰਨਣ ਵਾਲਿਆਂ ਦਾ ਇਹ ਫ਼ਰਜ਼ ਹੈ

ਕਿ ਇਸ ਸਿੱਖਿਆ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣ। ਕੁਰਆਨ ਕਰੀਮ ਦੇ ਹੁਕਮਾਂ ਦੀ ਪਾਲਣਾ ਕਰਨ, ਤਾਂ ਹੀ ਆਪਣੇ ਵਾਤਾਵਰਨ ਵਿੱਚ ਸਲਾਮਤੀ ਪੈਦਾ ਕਰ ਸਕਦੇ ਹਨ ਅਤੇ ਸੰਸਾਰ ਨੂੰ ਵੀ ਸਲਾਮਤੀ ਦਾ ਸੰਦੇਸ਼ ਦੇ ਸਕਦੇ ਹਨ। ਨਹੀਂ ਤਾਂ ਸੰਸਾਰ ਦੇ ਲੋਕ ਕਹਿਣਗੇ ਕਿ ਪਹਿਲਾਂ ਆਪਣੀ ਕਥਨੀ ਅਤੇ ਕਰਨੀ ਇੱਕ ਕਰੋ, ਫ਼ਿਰ ਸਾਨੂੰ ਨਸੀਹਤਾਂ ਕਰੋ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫਰਮਾਉਂਦੇ ਹਨ :

“ ਹੁਣ ਆਕਾਸ਼ ਹੇਠਾਂ ਕੇਵਲ ਇੱਕ ਹੀ ਨਬੀ ਅਤੇ ਇੱਕ ਹੀ ਕਿਤਾਬ ਹੈ ਅਰਥਾਤ ਹਜ਼ਰਤ ਮੁਹੰਮਦ ਮੁਸਤਫ਼ਾ ਸੱਲਲਾਹੁ ਅਲੈਹਿ ਵਸੱਲਮ। ਜੋ ਸਾਰੇ ਨਬੀਆਂ ਵਿੱਚੋਂ ਉਤੱਮ ਅਤੇ ਸਰਵੋਤਮ ਅਤੇ ਸਾਰੇ ਰਸੂਲਾਂ ਵਿੱਚੋਂ ਸੰਪੂਰਨ ਅਤੇ ਖ਼ਾਤਮੁੱਲ ਅੰਬੀਆ ਅਤੇ ਸਰਵੋਤਮ ਮਨੁੱਖ ਹਨ। ਜਿਨ੍ਹਾਂ ਦੀ ਪੈਰਵੀ ਨਾਲ ਰੱਬ ਮਿਲਦਾ ਹੈ ਅਤੇ ਹਨ੍ਹੇਰੇ ਪਰਦੇ ਉੱਠਦੇ ਹਨ ਅਤੇ ਇਸੇ ਸੰਸਾਰ ਵਿੱਚ ਸੱਚੀ ਮੁਕਤੀ ਦੇ ਨਿਸ਼ਾਨ ਪ੍ਰਗਟ ਹੁੰਦੇ ਹਨ ਅਤੇ ਕੁਰਆਨ ਸ਼ਰੀਫ਼ ਜੋ ਸੱਚੀ ਅਤੇ ਸੰਪੂਰਨ ਹਦਾਯਤ ਅਤੇ ਪ੍ਰਭਾਵਾਂ ਉੱਤੇ ਆਧਾਰਿਤ ਹੈ। ਜਿਸ ਰਾਹੀਂ ਸੱਚਾ ਗਿਆਨ ਅਤੇ ਮੁਆਰਫ਼ਤ ਪ੍ਰਾਪਤ ਹੁੰਦੀ ਹੈ ਅਤੇ ਮਨ ਮਨੁੱਖੀ ਗੰਦਗੀ ਤੋਂ ਸ਼ੁੱਧ ਹੁੰਦਾ ਹੈ ਅਤੇ ਮਨੁੱਖ ਅਗਿਆਨਤਾ, ਅਣਗਹਿਲੀ ਅਤੇ ਸੰਦੇਹ ਦੇ ਪਰਦੇ ਤੋਂ ਛੁੱਟਕਾਰਾ ਪਾ ਕੇ ਯਕੀਨ ਦੇ ਸੱਚ ਦੀ ਸਥਿਤੀ ਤੱਕ ਪਹੁੰਚਦਾ ਹੈ ”

**(ਬਰਾਹੀਨੇ ਅਹਮਦੀਆ, ਰੂਹਾਨੀ ਖਜ਼ਾਇਨ ਜਿਲਦ 1 ਪੰਨਾ 557-558, ਹਾਸ਼ੀਆ ਦਰ ਹਾਸ਼ੀਆ)**

ਸੋ, ਰੱਬ ਨੇ ਆਪਣੇ ਨੂਰ, ਜੋ ਹਜ਼ਰਤ ਮੁਹੰਮਦ ਮੁਸਤਫ਼ਾ ਸੱਲਲਾਹੁ ਅਲੈਹਿ ਵਸੱਲਮ ਹਨ ਅਤੇ ਪਵਿੱਤਰ ਕੁਰਆਨ, ਜੋ ਰੋਸ਼ਨ ਕਿਤਾਬ ਅਤੇ

ਸਾਰੇ ਗਿਆਨ ਅਤੇ ਮੁਆਰਫ਼ਤ ਦਾ ਸਰੋਤ ਹੈ ਅਤੇ ਹਦਾਯਤ ਦਾ ਨੂਰ ਹੈ ਅਤੇ ਸਲਾਮਤੀ ਦਾ ਸੰਦੇਸ਼ ਹੈ, ਨੂੰ ਭੇਜ ਕੇ ਮਨੁੱਖਤਾ ਉੱਤੇ ਬਹੁਤ ਵੱਡਾ ਉਪਕਾਰ ਕੀਤਾ ਹੈ। ਜੇਕਰ ਮਨੁੱਖ ਇਸ ਤੋਂ ਲਾਭ ਨ ਚੁੱਕੇ ਅਤੇ ਆਪਣੇ ਵਿਨਾਸ਼ਕਾਰੀ ਸੁਆਰਥੀ ਹਿੱਤਾਂ ਦਾ ਹੀ ਗ਼ੁਲਾਮ ਬਣਿਆ ਰਹੇ ਤਾਂ ਉਸ ਤੋਂ ਵੱਡੀ ਮੰਦਭਾਗੀ ਗੱਲ੍ਹ ਹੋਰ ਕੀ ਹੋ ਸਕਦੀ ਹੈ ?

ਸੋ, ਜੇਕਰ ਆਪਣਾ ਲੋਕ ਪਰਲੋਕ ਸੰਵਾਰਨਾ ਹੈ। ਅਮਨ ਅਤੇ ਸਲਾਮਤੀ ਵਿੱਚ ਰਹਿਣਾ ਹੈ, ਤਾਂ ਸਾਨੂੰ ਰੱਬ ਦੇ ਉਸ ਕਲਾਮ ਨੂੰ ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵਲ੍ਹੱ ਆਇਆ। ਉਸ ਨੂੰ ਸਦਾ ਆਪਣੇ ਸਾਮ੍ਹਣੇ ਰੱਖਣਾ ਚਾਹੀਦਾ ਹੈ ਕਿ يَهْدِي بِهِ اللّٰهُ مَنِ اتَّبَعَ رِضْوَانَهٗ سُبُلَ السَّلٰمِ ਇਸ ਰੋਸ਼ਨ ਕਿਤਾਬ ਦੀ ਹਦਾਇਤਾਂ ਨੂੰ ਸਦਾ ਆਪਣੇ ਸਾਮ੍ਹਣੇ ਰੱਖਣਾ ਚਾਹੀਦਾ ਹੈ। ਤੱਦ ਹੀ سُبُلَ السَّلٰمِ ਉੱਤੇ ਚਲਣ ਵਾਲੇ ਹੋਣਗੇ। ਸਲਾਮਤੀ ਦੀ ਰਾਹ ਉੱਤੇ ਚਲਣ ਵਾਲੇ ਹੋਣਗੇ। ਇਸ ਕਿਤਾਬ ਦਾ ਕੋਈ ਹੁਕਮ ਵੀ ਅਜਿਹਾ ਨਹੀਂ ਜੋ ਮਨੁੱਖੀ ਅਮਨ ਨੂੰ ਬਰਬਾਦ ਕਰਨ ਵਾਲਾ ਹੋਵੇ। ਸੋ, ਇਹ ਸੰਦੇਸ਼ ਹੈ ਜੋ ਆਪਣਿਆਂ ਅਤੇ ਗ਼ੈਰਾਂ ਨੂੰ ਦੇਣਾ ਅੱਜ ਸਾਡਾ ਕੰਮ ਹੈ ਅਤੇ ਇਹੀ ਸੰਸਾਰ ਦੇ ਅਮਨ ਦੀ ਜ਼ਮਾਨਤ ਹੈ। ਇਹੀ ਉਹ ਇਨਕਲਾਬ ਸੀ, ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਆਪਣੇ ਸਹਾਬੀਆਂ (ਰਜ਼ੀ ਅੱਲਾਹ ਅੰਨਹੁਮਾ) ਵਿੱਚ ਪੈਦਾ ਕੀਤਾ ਅਤੇ ਅਮਲੀ ਤੌਰ ਉੱਤੇ ਇੱਕ ਅਜਿਹੀ ਜਮਾਅਤ ਤਿਆਰ ਕਰ ਦਿੱਤੀ ਜੋ

إِذَا خَاطَبَهُمُ الْجَاهِلُونَ قَالُوا سَلَامًا[1] (ਸੂਰਤੁਲੱ ਫ਼ੁਰਕਾਨ 25:64)

ਉਸ ਦੇ ਯੋਗ ਬਣ ਗਈ ਅਤੇ ਇਹੀ ਉਹ ਅਵਸਥਾ ਹੈ ਜਦੱ ਉਹ ਸਾਡੇ ਵਿੱਚ ਪੈਦਾ ਹੋ ਜਾਵੇ ਅਤੇ ਅਸੀਂ ਉਸ ਨੂੰ ਸੰਸਾਰ ਵਿੱਚ ਪੈਦਾ ਕਰ ਲਈਏ ਤਾਂ ਸਾਡਾ ਵਰਤਮਾਨ ਵੀ ਅਮਨ ਵਿੱਚ ਹੋਵੇਗਾ ਅਤੇ ਸਾਡਾ ਭਵਿੱਖ ਵੀ ਅਮਨ ਵਿੱਚ ਹੋਵੇਗਾ। ਸੋ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮੰਨਣ ਵਾਲਿਆਂ ਦਾ ਇਹ ਇੱਕ ਬਹੁਤ ਮਹਾਨ ਕੰਮ ਹੈ। ਜਿਨ੍ਹਾਂ ਨੇ ਆਪਣੇ ਘਰਾਂ ਅਤੇ ਆਪਣੇ ਮਾਹੌਲ ਵਿੱਚ ਅਮਨ ਅਤੇ ਸਲਾਮਤੀ ਪੈਦਾ ਕਰਨੀ ਹੈ ਅਤੇ ਸੰਸਾਰ ਵਿੱਚ ਵੀ ਅਮਨ ਅਤੇ ਸਲਾਮਤੀ ਪੈਦਾ ਕਰਨੀ ਹੈ ਅਤੇ ਇਹ ਕੰਮ ਉਦੋਂ ਹੋਵੇਗਾ। ਜਦੱ ਸਾਡਾ ਦਿਲ੍ਹ ਇੱਕ ਇਸ਼੍ਵਰਵਾਦ ਨਾਲ ਭਰ ਜਾਵੇਗਾ ਅਤੇ ਸੰਸਾਰ ਨੂੰ ਵੀ ਹਕੀਕੀ ਇਸ਼੍ਵਰਵਾਦ ਵੱਲ੍ਹ ਲੈ ਕੇ ਜਾਣ ਵਾਲੇ ਹੋਣਗੇ। ਇਹ ਗੱਲ੍ਹ ਯਕੀਨੀ ਹੈ ਕਿ ਸੰਪੂਰਨ ਇਸ਼੍ਵਰਵਾਦ ਦੀ ਸਥਾਪਨਾ ਤੋਂ ਬਿਨਾਂ ਅਮਨ ਸਥਾਪਿਤ ਹੋ ਹੀ ਨਹੀਂ ਸਕਦਾ। ਪਹਿਲਾਂ ਵੀ ਬਿਆਨ ਹੋ ਗਿਆ ਹੈ ਕਿ ਸਰਵੋਤਮ ਹਸਤੀ ਨੂੰ ਹਰ ਹਾਲ ਵਿੱਚ ਮੰਨਣਾ ਪੈਣਾ ਹੈ ਅਤੇ ਉਹ ਸਰਵੋਤਮ ਹਸਤੀ, ਰੱਬ ਦੀ ਹਸਤੀ ਹੈ ਅਤੇ ਉਸ ਦਾ ਵਿਚਾਰ ਦਿਲ੍ਹ ਵਿੱਚ ਇਸ਼੍ਵਰਵਾਦ ਨੂੰ ਸਥਾਪਿਤ ਕੀਤੇ ਬਿਨਾਂ ਨਹੀਂ ਆ ਸਕਦਾ ਅਤੇ ਜੇਕਰ ਇਸ਼੍ਵਰਵਾਦ ਸਥਾਪਿਤ ਨਹੀਂ ਹੋਵੇਗਾ ਤਾਂ ਲੜਾਈਆਂ ਵੀ ਜਾਰੀ ਰਹਿਣਗੀਆਂ। ਲੜਾਈਆਂ ਉਦੋਂ ਹੀ ਬੰਦ ਹੋ ਸਕਦੀਆਂ ਹਨ। ਜੱਦ ਹਕੀਕੀ ਭਾਈਚਾਰਾ ਪੈਦਾ ਹੋਵੇ। ਆਪਸੀ ਪਿਆਰ ਅਤੇ ਪ੍ਰੇਮ,

---

[1] ਅਰਥਾਤ ਅਤੇ ਜੱਦ ਮੂਰਖ ਉਹਨਾਂ ਨਾਲ ਸੰਬੋਧਿਤ ਹੁੰਦੇ ਹਨ ਤਾਂ ਉਹ ਕਹਿੰਦੇ ਹਨ ਕਿ ਅਸੀਂ ਤੁਹਾਡੇ ਲਈ ਸਲਾਮਤੀ ਦੀ ਦੁਆ ਕਰਦੇ ਹਾਂ।

ਭਾਈਚਾਰਕ ਸਾਂਝ ਪੈਦਾ ਹੋਵੇ। ਅਮਨ ਉਦੋਂ ਤੱਕ ਸਥਾਪਤ ਹੋ ਹੀ ਨਹੀਂ ਸਕਦਾ ਜੱਦ ਤੱਕ ਲੋਕਾਂ ਅੰਦਰ ਹਕੀਕੀ ਭਾਈਚਾਰਾ ਸਥਾਪਿਤ ਨ ਹੋਵੇ ਅਤੇ ਹਕੀਕੀ ਭਾਈਚਾਰਾ ਇੱਕ ਰੱਬ ਨਾਲ ਜੁੜ੍ਹੇ ਬਿਨਾਂ ਪੈਦਾ ਨਹੀਂ ਹੋ ਸਕਦਾ। ਕੇਵਲ ਕਬੂਲ ਹੀ ਨਹੀਂ ਕਰਨਾ, ਸਗੋਂ ਇੱਕ ਸੰਬੰਧ ਵੀ ਕਾਯਮ ਕਰਨਾ ਹੋਵੇਗਾ ਅਤੇ ਉਸ ਦੀ ਸਿੱਖਿਆ ਵੀ ਸਾਨੂੰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਰਾਹੀਂ ਮਿਲੀ। ਸੋ, ਰੱਬ ਨੇ

اَلْحَمْدُ لِلّٰهِ رَبِّ الْعٰلَمِيْنَ (ਸੂਰਤੁਲੱ ਫ਼ਾਤਿਹਾ 01:02)

ਦੀ ਸਿੱਖਿਆ ਜਦੱ ਸਾਨੂੰ ਕੁਰਆਨ ਕਰੀਮ ਵਿੱਚ ਦਿੱਤੀ ਤਾਂ ਉਸ ਨੂੰ ਸਾਨੂੰ ਹਰ ਨਮਾਜ਼ ਵਿੱਚ ਪੜ੍ਹਣ ਦਾ ਹੁਕਮ ਵੀ ਦਿੱਤਾ ਤਾਂ ਕਿ ਭਾਈਚਾਰਕ ਸਾਂਝ ਦਾ ਵਿਆਪਕ ਸੰਕਲਪ ਮੁਸਲਮਾਨਾਂ ਵਿੱਚ ਸਥਾਪਿਤ ਹੋਵੇ। اَلْحَمْدُ لِلّٰهِ رَبِّ الْعٰلَمِيْنَ ਪੜ੍ਹ ਕੇ ਰੱਬ ਦੇ ਸਾਰੇ ਸੰਸਾਰ ਦੇ ਪਾਲਣਹਾਰ ਹੋਣ ਦਾ ਪਤਾ ਲੱਗਦਾ ਹੈ। ਇਹਨਾਂ ਸ਼ਬਦਾਂ ਨੂੰ ਪੜ੍ਹ ਕੇ ਮਨੁੱਖ ਦੀ ਸੋਚ ਦਾ ਵਿਸਥਾਰ ਹੰਦਾ ਹੈ ਅਤੇ ਉਹ ਉਸ ਰੱਬ ਦੀ ਸਿਫ਼ਤ ਕਰਦਾ ਹੈ, ਜੋ ਸਾਰੇ ਸੰਸਾਰ ਦਾ ਪਾਲਣਹਾਰ ਹੈ। ਜੋ ਈਸਾਈਆਂ ਦਾ ਵੀ ਪਾਲਣਹਾਰ ਹੈ, ਹਿੰਦੂਆਂ ਦਾ ਵੀ ਪਾਲਣਹਾਰ ਹੈ, ਯਹੂਦੀਆਂ ਦਾ ਵੀ ਪਾਲਣਹਾਰ ਹੈ ਅਤੇ ਹਰ ਇੱਕ ਦਾ ਪਾਲਣਹਾਰ ਹੈ। ਜੱਦ ਇਹ ਸ਼ਬਦ ਮਨੁੱਖ ਪੜ੍ਹਦਾ ਹੈ, ਤਾਂ ਕਿਸੇ ਨਾਲ ਨਫ਼ਰਤ ਕਿਵੇਂ ਹੋ ਸਕਦੀ ਹੈ। ਇਹੀ ਗੱਲ੍ਹ ਮੈਂ ਇੱਕ ਵਾਰ ਅਮਰੀਕਾ ਵਿੱਚ ਗ਼ੈਰਾਂ ਦੇ ਇੱਕ ਇਕੱਠ ਵਿੱਚ ਬਿਆਨ ਕੀਤੀ ਤਾਂ ਉਹ ਕਹਿੰਦੇ, ਇਹ ਕਿਹੋ ਜਿਹੀ ਸੋਹਣੀ ਸਿੱਖਿਆ ਹੈ ਅਤੇ ਅਸਲ ਵਿੱਚ ਇਸਲਾਮ ਦੀ ਸਿੱਖਿਆ

ਅਜਿਹੀ ਹੈ ਜੋ ਕਦੇ ਇੱਕ ਹਕੀਕੀ ਮੁਸਲਮਾਨ ਦੇ ਦਿਲ੍ਹ ਵਿੱਚ ਦੂਜੀਆਂ ਲਈ ਈਰਖਾ ਅਤੇ ਨਫ਼ਰਤ ਪੈਦਾ ਕਰ ਹੀ ਨਹੀਂ ਸਕਦੀ। رَبِّ الْعٰلَمِيْنَ ਦੇ ਸ਼ਬਦਾਂ ਨੇ ਤਾਂ ਹਰ ਚੀਜ਼ ਦਾ ਘੇਰਾ ਕਰ ਲਿਆ ਹੈ ਅਤੇ ਇਹੀ ਚੀਜ਼ ਸਲਾਮਤੀ ਫੈਲਾਉਣ ਲਈ ਵਿਆਪਕ ਅਤੇ ਵੱਡੇ ਰਾਹ ਖੋਲ੍ਹਦੀ ਹੈ। اَلْحَمْدُ لِلّٰهِ رَبِّ الْعٰلَمِيْنَ ਵਿੱਚ ਦੱਸਿਆ ਗਿਆ ਹੈ ਕਿ ਜੇਕਰ ਹਕੀਕੀ ਇਸ਼੍ਵਰਵਾਦ ਸਥਾਪਿਤ ਹੋ ਜਾਵੇ ਅਤੇ رَبِّ الْعٰلَمِيْنَ ਦੀ ਉਸਤਤ ਨਾਲ ਮਨੁੱਖ ਦੀ ਜ਼ੁਬਾਨ ਭਰ ਜਾਵੇ ਤਾਂ ਇਹ ਸੰਭਵ ਹੀ ਨਹੀਂ ਕਿ ਮਨੁੱਖ ਦੇ ਦਿਲ੍ਹ ਵਿੱਚ ਕਿਸੇ ਕੌਮ ਪ੍ਰਤੀ ਨਫ਼ਰਤ ਆ ਜਾਵੇ ਨ ਈਸਾਈਆਂ ਲਈ, ਨ ਹਿੰਦੂਆਂ ਲਈ, ਨ ਯਹੂਦੀਆਂ ਲਈ। ਇਹ ਕਿਵੇਂ ਹੋ ਸਕਦਾ ਹੈ ਕਿ ਇੱਕ ਪਾਸੇ ਉਹ ਉਨ੍ਹਾਂ ਦੀ ਤਬਾਹੀ ਦੀ ਇੱਛਾ ਰੱਖੇ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਵੇਖ ਕੇ ਰੱਬ ਦੀ ਉਸਤਤ ਅਤੇ ਮਹਿਮਾ ਵੀ ਕਰੇ। ਇੰਝ ਹੋ ਹੀ ਨਹੀਂ ਸਕਦਾ। ਸੋ, ਹਕੀਕੀ ਇਸ਼੍ਵਰਵਾਦੀ ਹੀ ਹਕੀਕੀ ਅਮਨ ਅਤੇ ਸਲਾਮਤੀ ਦਾ ਧਾਰਨੀ ਹੈ। ਜੇਕਰ ਮੁਸਲਮਾਨ ਹਕੀਕਤ ਵਿੱਚ ਇਸ ਨੁਕਤੇ ਨੂੰ ਸਮਝ ਲੈਣ ਅਤੇ ਉਸ ਦੇ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਤਾਂ ਸੰਸਾਰ ਵਿੱਚ ਹਕੀਕੀ ਅਮਨ ਪਸੰਦ ਇਹੀ ਹੋਣਗੇ। ਪਰ ਫ਼ਿਰ ਉਹੀ ਗੱਲ੍ਹ ਕਿ ਇਸ ਲਈ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸੱਚੇ ਗੁਲਾਮ ਨਾਲ ਜੁੜਣਾ ਵੀ ਜ਼ਰੂਰੀ ਹੈ ਤਾਂ ਹੀ ਗਿਆਨ ਅਤੇ ਮੁਆਰਫ਼ਤ ਦੀ ਸਹੀ ਸਮਝ ਵੀ ਆ ਸਕਦੀ ਹੈ। ਪਰ ਨਾਲ ਹੀ ਮੈਂ ਮੁੜ੍ਹ ਕਹਾਂਗਾ ਕਿ ਇਹ ਸਾਡੇ ਉੱਤੇ ਵੀ ਜ਼ਿੰਮੇਦਾਰੀ ਪਾਉਂਦਾ ਹੈ ਕਿ ਅਸੀਂ ਆਪਣੀ ਹਾਲਤ ਦਾ ਮੁਲਾਂਕਣ ਕਰਦੇ ਰਹਿਣ।

ਇਹ ਨ ਹੋਵੇ ਕਿ ਸਾਡੀਆਂ ਨਮਾਜ਼ਾਂ ਵਿੱਚ اَلْحَمْدُ لِلّٰهِ رَبِّ الْعٰلَمِيْنَ ਪੜ੍ਹਣਾ ਕੇਵਲ ਮੂੰਹ ਦੇ ਸ਼ਬਦ ਹੋਣ ਅਤੇ ਦਿਲ੍ਹ ਉਸ ਦੀ ਡੂੰਘਾਈ ਤੋਂ ਖਾਲੀ ਹੋਵੇ। ਜੇਕਰ ਦਿਲ੍ਹ ਅਤੇ ਦਿਮਾਗ ਉਸ ਡੂੰਘਾਈ ਤੋਂ ਖਾਲੀ ਹਨ ਤਾਂ ਅਸੀਂ ਵੀ ਫ਼ਸਾਦ ਕਰਨ ਵਾਲਿਆਂ ਵਿੱਚੋਂ ਹੋਵਾਂਗੇ। ਅਮਨ ਅਤੇ ਸਲਾਮਤੀ ਫੈਲਾਉਣ ਵਾਲਿਆਂ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀਆਂ ਲਿਆਂਦੀਆਂ ਸਿੱਖਿਆਵਾਂ ਦੀ ਪਾਲਣਾ ਕਰਨ ਵਾਲਿਆਂ ਵਿੱਚੋਂ ਨਹੀਂ ਹੋਣਗੇ ਸੋ, ਬਹੁਤ ਸੋਚਣ ਦਾ ਮੁਕਾਮ ਹੈ, ਬਹੁਤ ਵਿਚਾਰ ਕਰਨ ਦੀ ਲੋੜ੍ਹ ਹੈ, ਬਹੁਤ ਚਿੰਤਾ ਦੀ ਗੱਲ੍ਹ ਹੈ। ਅੱਜ ਹਰ ਅਹਮਦੀ ਦਾ ਇਹ ਕੰਮ ਹੈ ਕਿ ਹਕੀਕੀ ਅਮਨ ਤੇ ਸ਼ਾਂਤੀ ਸੰਸਾਰ ਵਿੱਚ ਪੈਦਾ ਕਰਨ ਲਈ ਰੱਬ ਉੱਤੇ ਆਪਣਾ ਵਿਸ਼ਵਾਸ ਪੂਰਨ ਕਰੇ। ਰੱਬ ਦੀ ਮੁਹੱਬਤ ਨੂੰ ਆਪਣੇ ਦਿਲਾਂ ਵਿੱਚ ਸਥਾਪਿਤ ਕਰੇ ਕਿ ਕੋਈ ਹੋਰ ਮੁਹੱਬਤ ਉਸ ਦੀ ਥਾਂ ਲੈ ਹੀ ਨ ਸਕੇ ਉਸ ਦੇ ਹੁਕਮਾਂ ਦੀ ਪਾਲਣਾ ਕਰੇ, ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵੱਲ੍ਹ ਆਈ ਸਿੱਖਿਆ, ਅਰਥਾਤ ਕੁਰਆਨ ਕਰੀਮ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਏ। ਸੋ, ਜੱਦ ਸਾਡੇ ਮਿਆਰ ਇਸ ਹੱਦ ਤੱਕ ਹੋ ਜਾਣਗੇ ਕਿ ਕੁਰਆਨ ਕਰੀਮ ਦਾ ਹਰ ਹੁਕਮ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦਾ ਹਰ ਆਦੇਸ਼ ਸਾਡੀ ਕਰਨੀ ਅਤੇ ਕਥਨੀ ਦਾ ਹਿੱਸਾ ਬਣ ਜਾਵੇਗਾ। ਤੱਦ ਅਸੀਂ ਸੰਸਾਰ ਨੂੰ ਇਸਲਾਮ ਦਾ ਹਕੀਕੀ ਸੰਦੇਸ਼ ਦੇ ਸਕਾਂਗੇ। ਉਹਨਾਂ ਨੂੰ ਹਕੀਕੀ ਅਮਨ ਦੇ ਰਾਜ਼ ਦੀ ਨ ਕੇਵਲ ਸਿੱਖਿਆ ਦੇ ਸਕਾਂਗੇ। ਸਗੋਂ ਆਪਣੇ ਅਮਲ ਰਾਹੀਂ ਉਹਨਾਂ ਨੂੰ ਸਿਖਾ ਦੇਣਗੇ ਅਤੇ ਇਹੀ

ਸੰਸਾਰ ਵਿੱਚ ਅਸਲ ਅਮਨ ਸਥਾਪਿਤ ਕਰਨ ਦਾ ਸਾਧਨ ਹੈ ਅਤੇ ਇਹੀ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਵਿਸ਼ਵ ਸ਼ਾਂਤੀ ਦੀ ਮਹਾਨ ਹਸਤੀ ਵੱਜੋਂ ਸਾਬਤ ਕਰਨ ਦਾ ਸਾਧਨ ਹੈ। ਇਹੀ ਇਸਲਾਮ ਉੱਤੇ ਆਰੋਪ ਲਾਉਣ ਵਾਲਿਆਂ ਦੇ ਮੂੰਹ ਬੰਦ ਕਰਨ ਦਾ ਸਾਧਨ ਹੈ। ਅੱਜ ਇਹ ਕੰਮ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਅਤ ਨੂੰ ਸੌਂਪਿਆ ਗਿਆ ਹੈ। ਜੇਕਰ ਅਸੀਂ ਘਰੇਲੂ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਇਸ ਅਨੁਸਾਰ ਆਪਣੀ ਭੂਮਿਕਾ ਨ ਨਿਭਾਈ ਤਾਂ ਸਾਡੇ ਅਮਨ ਅਤੇ ਸਲਾਮਤੀ ਵਿੱਚ ਰਹਿਣ ਦੀ ਕੋਈ ਜ਼ਮਾਨਤ ਨਹੀਂ। ਨ ਸਾਡੀਆਂ ਨਸਲਾਂ ਦੇ ਅਮਨ ਅਤੇ ਸਲਾਮਤੀ ਨਾਲ ਰਹਿਣ ਦੀ ਕੋਈ ਜ਼ਮਾਨਤ ਹੈ ਅਤੇ ਨ ਹੀ ਸੰਸਾਰ ਦੇ ਅਮਨ ਅਤੇ ਸਲਾਮਤੀ ਦੀ ਕੋਈ ਜ਼ਮਾਨਤ ਹੈ। ਰੱਬ ਸਾਨੂੰ ਸੰਸਾਰ ਨੂੰ ਹਨ੍ਹੇਰੇ ਤੋਂ ਰੋਸ਼ਨੀ ਵੱਲ੍ਹ ਲੈ ਕੇ ਜਾਣ ਦਾ ਸਾਧਨ ਬਣਾਏ। ਰੱਬ ਸੁਚਾਰੂ ਢੰਗ ਨਾਲ ਸਾਨੂੰ ਆਪਣਾ ਕਰਤੱਵ ਨਿਭਾਉਣ ਦੀ ਸ਼ਕਤੀ ਬਖ਼ਸ਼ੇ ਹੁਣ ਅਸੀਂ ਦੂਆ ਕਰਾਂਗੇ। ਦੂਆ ਵਿੱਚ ਸਾਰੇ ਇਹ ਵੀ ਦੂਆ ਕਰਨ ਕਿ ਰੱਬ ਜਲਸੇ ਵਿੱਚ ਸ਼ਾਮਿਲ ਹੋਣ ਵਾਲਿਆਂ ਨੂੰ ਜਲਸੇ ਦੀ ਬਰਕਤਾਂ ਦਾ ਭਾਗੀਦਾਰ ਬਣਾਏ ਅਤੇ ਸਾਰੀਆਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀਆਂ ਦੁਆਵਾਂ ਦਾ ਵਾਰਸ ਬਣਾਏ। ਸੰਸਾਰ ਦੇ ਮੌਜੂਦਾ ਹਾਲਾਤ ਵਿੱਚ ਹਰ ਪ੍ਰਕਾਰ ਨਾਲ ਅਮਨ ਅਤੇ ਸਲਾਮਤੀ ਸਥਾਪਿਤ ਕਰੇ ਤਾਂ ਕਿ ਅਸੀਂ ਆਪਣੇ ਜਲਸੇ ਫ਼ਿਰ ਵੱਡੇ ਪੱਧਰ ਉੱਤੇ ਅਤੇ ਉਸੇ ਸ਼ਾਨ ਨਾਲ ਹਰ ਪ੍ਰਕਾਰ ਦੀ ਚਿੰਤਾਵਾਂ ਤੋਂ ਮੁਕਤ ਹੋ ਕੇ ਆਯੋਜਿਤ ਕਰ ਸਕੀਏ ਅਤੇ ਜਲਸੇ

ਨੂੰ ਆਪਣੀ ਅਧਿਆਤਮਿਕ ਅਤੇ ਇਲਮੀ ਪਿਆਸ ਬੁਝਾਉਣ ਦਾ ਸਾਧਨ ਬਣਾ ਸਕੀਏ ਅਤੇ ਹਕੀਕਤ ਵਿੱਚ ਆਪਣੇ ਜੀਵਨ ਨੂੰ ਇਸਲਾਮੀ ਸਿੱਖਿਆ ਦੇ ਅਨੁਸਾਰ ਢਾਲਣ ਵਾਲੇ ਬਣ ਜਾਈਏ। ਰੱਬ ਦੇ ਪਿਆਰ ਅਤੇ ਉਸ ਦੀ ਕਿਰਪਾ ਨੂੰ ਸਮੇਟਣ ਵਾਲੇ ਅਸੀਂ ਬਣੀਏ। ਰੱਬ ਸਾਨੂੰ ਇਸ ਦੀ ਸ਼ਕਤੀ ਬਖ਼ਸ਼ੇ। ਹੁਣ ਦੁਆ ਕਰ ਲਓ। (ਦੁਆ)

(ਅਲ-ਫ਼ਜ਼ਲ ਇੰਟਰਨੈਸ਼ਨਲ 27 ਸਤੰਬਰ 2022 ਪੰਨਾ 06-10)